

ਜਸਵਿੰਦਰ

# ਕੱਚੀ ਰੇਤ ਦੇ ਵਰਕੇ

ਇਸੇ ਕਲਮ ਤੋਂ :-

| | | |
|---|---|---|
| ਕਾਲੇ ਹਰਫ਼ਾਂ ਦੀ ਲੋਅ | (ਗ਼ਜ਼ਲ ਸੰਗ੍ਰਹਿ) | 1996, 2004 |
| ਕੱਕੀ ਰੇਤ ਦੇ ਵਰਕੇ | (ਗ਼ਜ਼ਲ ਸੰਗ੍ਰਹਿ) | 2002, 2014 |
| ਅਗਰਬੱਤੀ | (ਗ਼ਜ਼ਲ ਸੰਗ੍ਰਹਿ) | 2011 |

# ਕੱਕੀ ਰੇਤ ਦੇ ਵਰਕੇ

(ਗ਼ਜ਼ਲ ਸੰਗ੍ਰਹਿ)

ਜਸਵਿੰਦਰ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

# *Kakki Ret De Varke*

***Ghazals by***

**Jaswinder ©**
M: 94178-62466
e-mail: jaswinderdandiwal@rediffmail.com

**ISBN : 978-81-7883-019-3**

**Rs. 125/-**

ਪਹਿਲੀ ਵਾਰ : 2002
ਦੂਜੀ ਵਾਰ : 2014

*Printed and Bound In India*

*Published by*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, (M) 98152-98459, 98762-07774
Website: www.chetnaparkashan.com
E-mail: chetnaparkashan@gmail.com, chetnaparkashan@sify.com
Sub Off.: Qila Road, Opp. Bus Stand, KOTKAPURA (Pb.) INDIA
Ph.: 95011-45039

Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

ਅਮਰਪਾਲ
ਤੇ
ਬੀਰਇੰਦਰ
ਦੇ ਨਾਂ

# ਤਤਕਰਾ


ਅੱਜ ਵੀ ਕਟ ਸਕਿਆ ਨਾ 19

ਜੇਕਰ ਹੋਵੇ ਮੌਂਚਿਆਂ ਪੌਣਾਂ 20

ਕੁਝ ਵੀ ਹੋ ਸਕਦਾ ਨਾ 22

ਕਿਸੇ ਬਰਸਾਤ ਦਾ ਇਕੋ ਤਲਾਅ ਵਿਚ 23

ਖ਼ੁਦ ਨੂੰ ਹੀ ਆਵਾਜ਼ ਜੇ 24

ਸੁੰਨ ਸਰਾਂ ਸੰਨਾਟਾ 26

ਅਪਣੇ ਸਿਰਾਂ 'ਤੇ 27

ਨਮੋਸ਼ੀ ਹਾਰ ਦੀ ਤੇ ਜਿੱਤ ਦਾ 28

ਦਿਲ ਦੀ ਰੋਹੀ, ਮਨ ਦਾ ਸਿਹਰਾ 29

ਸੁਰਾਂ ਦੇਣ ਦਸਤਕ 30

ਹੋਰ ਕਿੰਨਾ ਚਿਰ 32

ਸਾਰੀ ਉਮਰ ਗਵਾਈ 33

ਇਸ ਤਰ੍ਹਾਂ ਮੇਰੇ ਲਹੂ ਵਿਚ 34

ਬਸ ਰੇਤ ਹੀ ਰੇਤ 35

ਕਿਸ ਕਦਰ ਸੀ ਹੋਰਵੇ ਮਾਰੀ 36

ਅਸੀਂ ਅਪਣੀ ਸ਼ਨਾਖ਼ਤ ਭੀੜ ਦੇ 37

ਸਫ਼ਰ ਵਿਚ ਥੱਕਣਾ ਮਿਹਣਾ ਨਹੀਂ ਹੈ 38

ਉਦਾਸ ਨਗਮਾ ਹੈ ਪੇਸ਼ ਮੇਰੇ 40

ਕਿਵੇਂ ਮਾਸੂਮ ਦੀਵੇ ਰਹਿਣਗੇ 42

ਜੋ ਦੂਰੋਂ ਆ ਰਹੀ ਹਰ ਲਹਿਰ 43

ਇਹ ਤਾਂ ਹੈ ਉੱਡਦੇ 44

ਦੇਰ ਤੋਂ ਖ਼ਾਮੋਸ਼ ਹੈ ਜੰਗਲ ਬਈ 45

ਰੁੱਸ ਕੇ ਰਾਹਾਂ ਨਾਲ਼ 46

| | |
|---|---|
| ਕੀ ਇਹ ਜਖ਼ਮ ਕੁਰੇਦਣੇ | 47 |
| ਧਰਤ ਨਾ ਆਕਾਸ਼ | 48 |
| ਲੋਅ ਗੁਆਚੇ ਤਾਰਿਆਂ ਦੀ | 49 |
| ਜਜ਼ੀਰਾ ਹਾਂ ਚੁਫ਼ੇਰੇ ਕੈਦ ਹੈ | 50 |
| ਜਦ ਵੀ ਸ਼ਿਸ਼ਤ ਲਗਾ ਕੇ | 52 |
| ਸੋਚਾਂ ਅੰਦਰ ਉਡਦੇ | 53 |
| ਕਲਮਾਂ ਸੰਗ ਰਚਾ | 54 |
| ਝੀਲਾਂ ਤੀਕਰ | 55 |
| ਦੂਰ ਦੇ ਰਾਹੀਆਂ | 56 |
| ਆਪਾਂ ਤਾਂ ਬਸ | 57 |
| ਤੇਰਿਆਂ ਰਾਹਾਂ 'ਚ | 58 |
| ਕਵੀ ਹਾਂ ਸਿਰਫ਼ ਏਹੋ ਹੀ | 60 |
| ਸਮੁੰਦਰ ਵਿਚ ਵੀ ਨਾ | 62 |
| ਮਾਤਮ, ਜੁਦਾਈ, ਚੀਖ਼ | 63 |
| ਬਾਹਰ ਕੇਵਲ ਚਾਰ ਨੇ | 64 |
| ਕਦੇ ਪੈੜਾਂ 'ਤੇ ਹੁੰਦਾ ਸੀ | 65 |
| ਇਹੀ ਤਾਂ ਦੁੱਖ ਹੈ ਯਾਰੋ | 66 |
| ਗ਼ਮੀ, ਬੇਬਸੀ, ਡਰ | 67 |
| ਦਿਲ 'ਚ ਜੋ ਅਹਿਸਾਸ | 68 |
| ਜ਼ਿੰਦਗੀ ਭਰ ਹਾਰੀਆਂ | 69 |
| ਬਦਨ ਤਾਂ ਕੀ ਮੇਰੇ ਸਾਏ | 70 |
| ਤੇਰੀਆਂ ਗਲੀਆਂ 'ਚ ਕੋਈ | 72 |
| ਦਿਲ 'ਤੇ ਰੰਗ ਇਕ | 73 |
| ਕਿਸੇ ਦੇ ਚਾਅ ਕਦੇ | 74 |
| ਸਰਾਪੇ ਪਲ ਅਸਾਡੇ | 75 |
| ਪਤਾ ਨਹੀਂ ਹੈ ਕਿ | 77 |
| ਅਸੀਂ ਕਿਸ ਮੋੜ 'ਤੇ | 78 |

ਜੋ ਕੱਕੀ ਰੇਤ ਦੇ ਵਰਕੇ 'ਤੇ ਲਿਖਿਆ ਚੀਚ-ਵਹੁਟੀ ਨੇ,
ਮੇਰੇ ਕੋਲੋਂ ਅਜੇਹਾ ਗੀਤ ਨਾ ਲਿਖਿਆ ਗਿਆ ਕੋਈ।

## ਪੰਜਾਬੀ .ਗਜ਼ਲ ਦਾ ਦੀਦਾਵਰ ਸ਼ਾਇਰ - ਜਸਵਿੰਦਰ

ਮੌਲਾ ਬਖ਼ਸ਼ ਕੁਸ਼ਤਾ ਦਾ ਦੀਵਾਨ ਛਪਣ ਤਕ ਪੰਜਾਬੀ ਗ਼ਜ਼ਲ ਦਾ ਵਜੂਦ ਤਾਂ ਸੀ ਪਰ ਇਸਦੀ ਕੋਈ ਛਬੀ ਤੇ ਆਪਣਾ ਮੂੰਹ ਮੁਹਾਂਦਰਾ ਨਹੀਂ ਸੀ।

ਪੰਜਾਬੀ ਗ਼ਜ਼ਲ ਦੇ ਸਾਮ੍ਹਣੇ ਕਈ ਚੁਣੌਤੀਆਂ ਤੇ ਪ੍ਰੀਖਿਆਵਾਂ ਸਨ। ਇਹਨਾਂ ਚੁਣੌਤੀਆਂ ਵਿਚ ਸ਼ਾਮਿਲ ਸੀ ਪੰਜਾਬੀ-ਗ਼ਜ਼ਲ ਨੂੰ ਉਸਦੀ ਆਪਣੀ ਵਿਆਕਰਨ, ਮੁਹਾਵਰੇ ਤੇ ਸ਼ਬਦਾਵਲੀ ਵਿਚ ਢਾਲਣਾ, ਪੰਜਾਬੀ-ਗ਼ਜ਼ਲ ਨੂੰ ਪੰਜਾਬੀ-ਸਭਿਆਚਾਰ ਤੇ ਸਭਿਅਤਾ ਦੀ ਸਮਰਥਨ-ਕਰਤਾ (Advocate) ਬਣਾਉਣਾ, ਸ਼ਾਬਦਿਕ-ਬਾਜ਼ੀਗਰੀ ਤੇ ਨਿਰੀ ਕਾਫ਼ੀਆ-ਪੈਮਾਈ ਦੀ ਜਿੱਲਣ ਵਿੱਚੋਂ ਬਾਹਰ ਕੱਢਣਾ, ਉਰਦੂ-ਫ਼ਾਰਸੀ ਦੀ ਨਕਲ-ਨਵੀਸੀ ਤੋਂ ਛੁਟਕਾਰਾ ਦਵਾਉਣਾ, ਪ੍ਰੰਪਰਾਗਤ-ਬਿੰਬਾਂ ਤੇ ਪ੍ਰਤੀਕਾਂ ਤੋਂ ਗੁਰੇਜ਼ ਕਰ ਕੇ ਨਵੇਂ ਬਿੰਬ-ਵਿਧਾਨ ਤੇ ਪ੍ਰਤੀਕਾਂ ਦੀ ਤਲਾਸ਼ ਕਰਨਾ ਅਤੇ ਸ਼ਬਦਾਂ ਨੂੰ ਪੰਜਾਬੀ-ਸੁਭਾਅ ਅਨੁਸਾਰ ਨਜ਼ਮ ਕਰਨਾ।

ਇਹਨਾਂ ਚੁਣੌਤੀਆਂ ਦਾ ਸਭ ਤੋਂ ਪਹਿਲਾਂ ਮੋਹਨ ਸਿੰਘ ਨੇ ਟਾਕਰਾ ਕੀਤਾ, ਉਸਨੇ ਬਹੁਤ ਹੱਦ ਤੱਕ ਪੰਜਾਬੀ-ਗ਼ਜ਼ਲ ਵਿਚ ਪੰਜਾਬੀ-ਸਭਿਆਚਾਰ, ਪੰਜਾਬੀ-ਮੁਹਾਵਰੇ ਅਤੇ ਵਿਗਿਆਨਕ-ਪ੍ਰਗਤੀ ਕਾਰਨ ਆਏ ਬਦਲਾਉ ਦੇ ਇਜ਼ਹਾਰ ਦੇ ਨਾਲ਼ ਨਾਲ਼ ਭਾਰਤੀ ਤੇ ਗ਼ੈਰ-ਭਾਰਤੀ ਪ੍ਰਤੀਕਾਂ ਤੇ ਮਿਥਿਕ-ਚਿੰਨ੍ਹਾਂ ਦੇ ਪ੍ਰਯੋਗ ਦੇ ਨਾਲ਼ ਨਾਲ਼ ਸਿੱਖ-ਇਤਿਹਾਸ ਦੇ ਹਵਾਲੇ ਵੀ ਗ਼ਜ਼ਲ ਵਿਚ ਲਿਆਂਦੇ।

ਪ੍ਰੋ: ਮੋਹਨ ਸਿੰਘ ਦੇ ਨਾਲ਼ ਨਾਲ਼ ਈਸ਼ਵਰ ਚਿਤ੍ਰਕਾਰ ਨੇ ਪੰਜਾਬੀ-ਗ਼ਜ਼ਲ ਨੂੰ ਪ੍ਰਕਿਰਤਿਕ-ਪਦਾਰਥਾਂ ਦੇ ਮਾਧਿਅਮ ਰਾਹੀਂ ਜ਼ਿੰਦਗੀ ਦੇ ਸਰੋਕਾਰਾਂ ਨਾਲ਼ ਜੋੜਿਆ ਅਤੇ ਪੰਜਾਬੀ-ਗ਼ਜ਼ਲ ਵਿਚ ਸ਼ਬਦਾਂ ਦੇ ਰੰਗਾਂ ਰਾਹੀਂ ਇਸਨੂੰ ਮਸੱਵਰਾਨਾ-ਦ੍ਰਿਸ਼ਟੀ ਪਰਦਾਨ ਕੀਤੀ।

1960 ਤੋਂ ਪਿੱਛੋਂ ਵੀ ਸਾਡੇ ਬਹੁਤ ਸਾਰੇ ਸ਼ਾਇਰ ਜੋ ਗ਼ਜ਼ਲ-ਸਕੂਲਾਂ ਦੇ ਆਗੂ ਬਣੇ ਬੈਠੇ ਸਨ ਅਤੇ ਅਜੇ ਤਕ ਕਾਲਪਨਿਕ-ਸੰਸਾਰ ਦੀ ਅਭਿਵਿਅਕਤੀ, ਕਾਫ਼ੀਆ-ਪੈਮਾਈ ਅਤੇ ਪੰਜਾਬੀ-ਸਭਿਆਚਾਰ ਤੋਂ ਅਭਿੱਜ ਅਰੂਜ਼ੀ ਕਲਾਬਾਜ਼ੀਆਂ ਤਕ ਹੀ ਸੀਮਤ ਸਨ, ਦੇ ਸਮਕਾਲੀ ਸ਼ਾਇਰ ਤਖ਼ਤ ਸਿੰਘ ਨੇ ਪੰਜਾਬੀ-ਗ਼ਜ਼ਲ ਵਿਚ ਨਵੀਂ ਸ਼ਬਦਾਵਲੀ, ਵਿਆਕਰਨ ਤੇ ਮੁਹਾਵਰੇ ਦਾ ਆਰੰਭ ਕਰਕੇ ਪੰਜਾਬੀ-ਗ਼ਜ਼ਲ ਦੇ ਮੁਰਦਾ ਸਰੀਰ ਨੂੰ ਨਵਾਂ ਤੇ ਤਾਜ਼ਾ ਖ਼ੂਨ ਪ੍ਰਦਾਨ ਕੀਤਾ। ਉਸ ਨੇ ਪੰਜਾਬੀ ਸਭਿਆਚਾਰ ਦਾ ਖ਼ੂਬ ਪ੍ਰਗਟਾ ਕੀਤਾ।

ਭਾਵੇਂ ਕਾਫ਼ੀਆ-ਪੈਮਾਈ ਤੇ ਦੋ x ਦੋ ਦੇ ਸਕੂਲ ਅਜੇ ਵੀ ਪੰਜਾਬੀ ਗ਼ਜ਼ਲ-ਖੇਤਰ ਵਿਚ ਚਲ ਰਹੇ ਹਨ ਪਰ ਇਹਨਾਂ ਦੀ ਅਹਿਮੀਅਤ ਕਰੀਬ ਕਰੀਬ ਖ਼ਤਮ ਹੋ ਚੁੱਕੀ ਹੈ। ਪੰਜਾਬੀ ਦੇ ਜਦੀਦ (Modern-Poet) ਗ਼ਜ਼ਲਗੋਆਂ ਦੀ ਇਕ ਖ਼ੂਬੀ ਇਹ ਵੀ ਹੈ ਕਿ ਇਹਨਾਂ ਵਿਚ ਉਰਦੂ ਸ਼ਾਇਰਾਂ ਵਾਂਗ ਨੱਕਾਲੀ (mimicry) ਭਾਵ (Plagiarism) ਸਰਕਾ ਨਹੀਂ। ਉਰਦੂ ਦੇ ਮਹਾਨ ਸ਼ਾਇਰ ਗ਼ਾਲਿਬ ਨੇ ਫ਼ਾਰਸੀ ਦੇ ਸ਼ਾਇਰਾਂ ਸ਼ੇਖ਼ ਸਾਅਦੀ, ਅਮੀਰ ਖ਼ੁਸਰੋ, ਹਾਫ਼ਿਜ਼, ਫ਼ੈਜ਼ੀ, ਨਜ਼ੀਰੀ, ਫ਼ਗ਼ੂਨੀ-ਤਬਰੇਜ਼ੀ, ਸ਼ਰਫ਼ ਕਜ਼ਵੀਨੀ, ਆਦਿ ਤੋਂ ਬਿਨਾਂ ਮੀਰ ਤਕੀ ਮੀਰ ਦੇ ਸ਼ਿਅਰਾਂ ਦਾ ਪ੍ਰਭਾਵ ਵੀ ਕਬੂਲਿਆ ਤੇ ਚਰਬਾ ਵੀ ਉਤਾਰਿਆ ਹੈ।

ਜਿਨ੍ਹਾਂ ਪੰਜਾਬੀ ਸ਼ਾਇਰਾਂ ਦੀ ਨਵੀਂ ਪੌਦ ਨੇ ਪੰਜਾਬੀ ਗ਼ਜ਼ਲ ਨੂੰ ਨਰੋਆ ਤੇ ਤਾਜ਼ਾ ਲਹੂ ਦੇ ਕੇ ਸੈਰਾਬ ਕੀਤਾ ਹੈ ਉਹਨਾਂ ਵਿਚ ਜਸਵਿੰਦਰ ਦਾ ਨਾਮ ਸਰੇ-ਫ਼ਹਿਰਿਸਤ (at the top) ਹੈ।

Michael Grant ਅਨੁਸਾਰ language and Myth represent a very general and early experience of Mankind. ਪਰ ਜਸਵਿੰਦਰ ਨੇ ਮਿਥ ਨੂੰ ਮਾਨਵੀ-ਤਜਰਬੇ ਦੇ ਸਾਧਾਰਨ ਅਰਥਾਂ ਵਿਚ ਨਹੀਂ ਵਰਤਿਆ। ਉਸਨੇ (Pre-Historic) ਪੂਰਬ-ਇਤਿਹਾਸ ਦੀ ਮਿਥ ਬਣ ਗਏ ਯਥਾਰਥ ਨੂੰ ਅੱਜ ਦੇ ਮਾਨਵ ਦੀ ਮਜਬੂਰੀ ਤੇ ਬੇਬਸੀ ਬਣੀ ਸਥਿਤੀ ਦੇ ਪ੍ਰਸੰਗ ਵਿਚ ਵਰਤਕੇ ਆਧੁਨਿਕ ਮਾਨਵੀ ਸਰੋਕਾਰਾਂ ਨਾਲ਼ ਜੋੜਿਆ ਹੈ।

ਅੱਜ ਵੀ ਕਟ ਸਕਿਆ ਨਾ ਮੋਹ ਦਾ ਜਾਲ ਤੇ ਹਰਨਾ ਪਿਆ।
ਅੱਜ ਵੀ ਮੈਨੂੰ ਬੁੱਧ ਹੋਣਾ ਮੁਲਤਵੀ ਕਰਨਾ ਪਿਆ।

ਆਧੁਨਿਕ ਮਨੁੱਖ ਨੂੰ ਇਹ ਗਿਆਨ ਹੋ ਚੁੱਕਾ ਹੈ ਕਿ ਅੱਜ ਬੁੱਧ ਦਾ ਜ਼ਮਾਨਾ ਨਹੀਂ, ਨਾ ਹੀ ਪੈਗ਼ੰਬਰੀ ਦਾ ਦੌਰ ਹੈ ਬਲਕਿ ਗ੍ਰਿਸਤ-ਆਸ਼ਰਮ ਵਿਚ ਰਹਿਕੇ ਹੀ ਮਾਨਵੀ ਭਲੇ ਲਈ ਚੰਗੇ ਮਾਰਗ ਦੀ ਤਲਾਸ਼ ਕੀਤੀ ਜਾ ਸਕਦੀ ਹੈ, ਜਿਸਦੀ ਬੁਨਿਆਦ ਗੁਰੂ-ਕਵੀਆਂ ਤੇ ਮਹਾਂ-ਪੁਰਸ਼ਾਂ ਨੇ ਰੱਖੀ ਸੀ। ਤਾਂ ਹੀ ਜਸਵਿੰਦਰ ਕਹਿ ਰਿਹੇ ਹੈ।

ਘਰੋਂ ਤਾਂ ਤੁਰ ਪਿਆ ਸਾਂ ਮੈਂ ਵੀ ਬਣ ਜਾਣਾ ਸੀ ਪੈਗ਼ੰਬਰ,
ਲਿਆਉਂਦੀ ਮੋੜ ਕੇ ਮੈਨੂੰ ਨਾ ਜੇ ਆਵਾਜ਼ ਝਾਂਜਰ ਦੀ।

ਭਾਵੇਂ ਗੌਤਮ ਦਾ ਫ਼ਲਸਫ਼ਾ ਦੁਨੀਆਂ ਵਿਚ ਬੜਾ ਫੈਲਿਆ ਪਰ ਮਹਾਤਮਾ

ਬੁੱਧ ਦੇ, ਮੰਜ਼ਿਲ ਤਕ ਪੁੱਜਣ ਲਈ ਸਿਧਾਰਥ ਦਾ ਤਿਆਗ ਇਕ ਕਿਸਮ ਦਾ ਭਾਂਜਵਾਦ ਹੀ ਸੀ। ਜਸਵਿੰਦਰ ਨੇ ਇਸ ਇਤਿਹਾਸਕ-ਮਿੱਥ ਦਾ ਖੰਡਨ ਕਰਕੇ ਇਸਨੂੰ ਤੋੜਿਆ ਵੀ ਹੈ।

ਜਾਣ ਵੇਲੇ ਮੇਰੇ ਵੱਲ ਬਾਹਾਂ ਉਲਾਰੇ ਬਾਲ ਜੇ,
ਪਰਤ ਕੇ ਵੇਖਾਂ ਹੀ ਨਾ ਏਨਾ ਵੀ ਮੈਂ ਗੌਤਮ ਨਹੀਂ।

A. Ovcharenko ਦਾ ਵਿਚਾਰ ਹੈ ਕਿ "ਜਦੋਂ ਆਮ ਆਦਮੀ ਵਿਚ ਬਦਲਾਉ ਆ ਕੇ ਉਹ ਉਦਯੋਗਿਕ ਮਨੁੱਖ (Industrial-Man) ਵਿਚ ਬਦਲ ਜਾਂਦਾ ਹੈ ਤੇ ਨਾਗਰਿਕ-ਸੰਗਠਨ (Community) ਦਾ ਵਿਹਾਜਨ ਸਮਾਜ ਵਿਚ ਪਰਿਵਰਤਿਤ ਹੁੰਦਾ ਹੈ ਤਾਂ ਉਹ ਨਵੇਂ ਤੌਰ ਤਰੀਕਿਆਂ ਵਾਲੀ ਸੰਪਰਦਾਇ ਦੀ ਤਲਾਸ਼ ਦਾ ਰਾਹ ਢੂੰਡਦਾ ਹੈ।" ਅੰਨ ਏਸ ਤਰ੍ਹਾਂ ਕਲਾਕਾਰ ਤੇ ਅਦੀਬ ਬਦਲਵੇਂ-ਸਮਾਜ ਵਿਚ ਉਸਦੀਆਂ ਬਦਲੀਆਂ ਹੋਈਆਂ ਸਥਿਤੀਆਂ ਵਿੱਚੋਂ ਪੈਦਾ ਹੋਏ ਯਥਾਰਥ ਲਈ ਪ੍ਰਗਟਾਉਂਦੀਆਂ ਨਵੀਆਂ ਵਿਧੀਆਂ, ਨਵੇਂ ਮੁਹਾਵਰੇ ਤੇ ਨਵੇਂ ਭਾਸ਼ਾਈ-ਮਾਪ-ਦੰਡ ਢੂੰਡਦੇ ਹਨ।

ਜਸਵਿੰਦਰ ਨੇ ਅਜਿਹੇ ਮਾਪ-ਦੰਡ ਢੂੰਡ ਲਏ ਹਨ। ਤਾਂਹੀ ਤਾਂ ਉਹ ਆਧੁਨਿਕ-ਮਨੁੱਖ ਦੀ ਤਕਸੀਮ ਹੋਈ ਹੋਂਦ ਬਾਰੇ ਅਜਿਹੇ ਬੁਲੰਦ ਸ਼ਿਅਰ ਕਹਿ ਸਕਿਆ ਹੈ, ਜੋ ਖ਼ੁਸ਼ੀ ਤੇ ਗ਼ਮੀ ਵਿਚਕਾਰ ਤ੍ਰਿਸ਼ੰਕੂ ਵਾਂਗ ਲਟਕ ਰਹੀ ਹੈ।

ਜ਼ਿੰਦਗੀ ਦੀ ਵਾਟ ਹੈ ਰੰਗੀਨ ਵੀ ਗ਼ਮਗੀਨ ਵੀ,
ਪੈਰ ਇਕ ਫੁੱਲਾਂ 'ਤੇ ਦੂਜਾ ਕੱਚ 'ਤੇ ਧਰਨਾ ਪਿਆ।

ਏਹੀ ਹੋਂਦ ਜਦੋਂ ਨਿਰਹੋਂਦ ਹੋ ਕੇ ਸਹਿਹੋਂਦ ਬਣ ਜਾਂਦੀ ਹੈ ਉਸ (Existance) ਹੋਂਦ ਤੋਂ (Co-existance) ਸਹਿਹੋਂਦ ਵਿਚ ਵਟੀ ਸੂਰਤ ਨੂੰ ਜਿਸ ਫ਼ਲਸਫ਼ਾਨਾ ਅੰਦਾਜ਼ ਵਿਚ ਜਸਵਿੰਦਰ ਨੇ ਪ੍ਰਗਟਾਇਆ ਹੈ, ਇਹ ਉਸਦਾ ਹੀ ਹਿੱਸਾ ਹੈ।

ਇਸ ਕਦਰ ਸੀ ਹੇਰਵੇ ਮਾਰੀ ਹੋਈ ਝੱਲੀ ਨਦੀ।
ਛਾਲ ਮੈਂ ਮਾਰੀ ਸੀ ਪਰ ਮੇਰੇ 'ਚ ਡੁੱਬ ਚੱਲੀ ਨਦੀ।

ਜਸਵਿੰਦਰ ਸਿਆਸੀ ਪੱਖੋਂ ਵੀ ਬੜਾ ਸੁਚੇਤ ਸ਼ਾਇਰ ਹੈ। ਉਸਨੂੰ ਪਤਾ ਹੈ ਕਿ ਅੱਜ ਰਾਜੇ-ਰਜਵਾੜਿਆਂ ਦਾ ਦੌਰ ਨਹੀਂ ਬਲਕਿ ਲੋਕਤੰਤਰਤਾ ਦਾ ਦੌਰ ਹੈ।

ਏਸੇ ਲਈ ਉਹ ਰਜਵਾੜਾਸ਼ਾਹੀ ਦੀ ਹਉਮੈਂ ਨੂੰ ਭੂਤ-ਕਾਲ ਦੀ ਫ਼ਾਲਤੂ ਚੀਜ਼ ਸਮਝਦਾ ਹੈ -

ਨਮੋਸ਼ੀ ਹਾਰ ਦੀ ਤੇ ਜਿੱਤ ਦਾ ਹੰਕਾਰ ਲਾਹ ਦੇਈਏ।
ਚਲੋ ਹੁਣ ਫ਼ਾਲਤੂ ਚੀਜ਼ਾਂ ਦਾ ਰੂਹ ਤੋਂ ਭਾਰ ਲਾਹ ਦੇਈਏ।

ਇਨ੍ਹਾਂ ਵਿਚ ਆਰਜ਼ੀ ਧਰਵਾਸ ਹੈ, ਖ਼ਤਰੇ ਸਦੀਵੀ ਨੇ,
ਸਿਰਾਂ ਤੋਂ ਕਲਗੀਆਂ ਤੇ ਗਰਦਨਾਂ ਚੋਂ ਹਾਰ ਲਾਹ ਦੇਈਏ।

ਉਪਰੋਕਤ ਸ਼ਿਅਰ ਏਨੀ ਸਹਿਜਤਾ ਨਾਲ਼ ਕਹੇ ਗਏ ਹਨ ਕਿ ਕਿਤੇ ਵੀ ਆਬੁਰਦ ਜਾਂ ਸ਼ੋਰੀਲਾਪਨ ਨਹੀਂ।

ਜਸਵਿੰਦਰ ਨੇ ਕੁਝ ਆਮ ਜਨ-ਜੀਵਨ ਦੇ ਵਰਤਾਰੇ ਵਿੱਚੋਂ ਅਜਿਹੇ ਪ੍ਰਤੀਕ ਲੈ ਕੇ ਕੋਝੀ ਸਿਆਸਤ 'ਤੇ ਵਿਅੰਗ ਕੀਤੇ ਹਨ ਕਿ ਇਹ ਪ੍ਰਤੀਕ ਸਜੀਵ ਹੋ ਗਏ ਹਨ ਅਤੇ ਇਹਨਾਂ ਦੀ ਸਾਰਥਿਕਤਾ ਸਦਾ ਬਣੀ ਰਹੇਗੀ। ਅਜਿਹੇ ਪ੍ਰਤੀਕ ਪਹਿਲਾਂ ਪੰਜਾਬੀ-ਕਾਵਿ ਵਿਚ ਉਪਲਬਧ ਨਹੀਂ ਸਨ।

ਇਹ ਸਰਹੱਦਾਂ ਉਲੰਘੇ ਕਿਉਂ ਬਗਾਨੇ ਖੇਤ ਕਿਉਂ ਸਿੰਜੇ,
ਫੜੋ ਇਸ ਨੂੰ ਹਕੂਮਤ ਦੀ ਖ਼ਿਲਾਫ਼ਤ ਕਰ ਗਿਆ ਪਾਣੀ।

ਕੱਸੀ ਤਾਂ ਮੁਰੱਬਿਆਂ ਦੇ ਖਾਲਾਂ 'ਚ ਗਵਾਚ ਗਈ,
ਮਿਟਣੀ ਹੈ ਪਿਆਸ ਕਦੋਂ ਕੰਨੀ ਦੇ ਕਿਆਰੇ ਦੀ।

ਦੁਨੀਆਂ ਵਿਚ ਫੈਲ ਰਹੇ ਆਤੰਕਵਾਦ ਤੇ ਪਰਮਾਣੂ ਖ਼ਤਰੇ ਕਾਰਨ ਫ਼ੈਲੇ ਭੈਅ ਤੇ ਵਿਸ਼ਾਦ ਬਾਰੇ ਉਸਦੇ ਸ਼ਿਅਰ ਚੌਂਕਾ ਦੇਣ ਵਾਲੇ ਹਨ।

ਹੋਰ ਕਿੰਨਾ ਚਿਰ ਅਸੀਂ ਖ਼ਾਬਾਂ 'ਚ ਖੰਡਰ ਵੇਖਣੇ ਨੇ,
ਸ਼ੀਸ਼ਿਆਂ ਵਿਚ ਆਪਣੇ ਹੀ ਅਕਸ ਡਰ ਡਰ ਵੇਖਣੇ ਨੇ।

ਕਾਲੀਆਂ ਧੁੱਪਾਂ, ਧੁਆਂਖੀ ਚਾਨਣੀ, ਸੋਗੀ ਸਵੇਰੇ,
ਕੀ ਪਤੈ ਕਿਸ ਕਿਸ ਤਰ੍ਹਾਂ ਦੇ ਹੋਰ ਮੰਜ਼ਰ ਵੇਖਣੇ ਨੇ।

ਬਹੁਤ ਘੱਟ ਸ਼ਾਇਰ ਹਨ ਜੋ 21 ਵੀਂ ਸਦੀ ਵਿਚ ਵੀ ਔਰਤ ਦੀ ਦੁਰਦਸ਼ਾ ਨੂੰ ਆਪਣੇ ਅਨੁਭਵ ਦਾ ਮਾਧਿਅਮ ਬਣਾ ਰਹੇ ਹਨ। ਜਸਵਿੰਦਰ ਇਸ ਪੱਖੋਂ ਵੀ ਅਗਰਸਰ ਹੈ।

ਦਿਨ ਢਲੇ ਤਕ ਦੇਖਦੀ ਰਹਿੰਦੀ ਹੈ ਜੋ ਮੁੜ ਮੁੜ ਕੇ ਸ਼ੀਸ਼ਾ,
ਰਾਤ ਭਰ ਸੁਫ਼ਨੇ 'ਚ ਉਸ ਪੱਥਰ ਹੀ ਪੱਥਰ ਵੇਖਣੇ ਨੇ।

ਦੋ ਦਿਨ ਦੀ ਖੁਸ਼ੀ ਮਗਰੋਂ ਨੂੜਨਗੇ ਬਦਨ ਤੇਰਾ,
ਗੋਟਾ ਇਹ ਦੁਪੱਟੇ ਦਾ, ਇਹ ਲੌਣ ਗਰਾਰੇ ਦੀ

ਜਸਵਿੰਦਰ ਦੀ ਸ਼ਾਇਰੀ ਦਾ ਕਮਾਲ ਇਹ ਹੈ ਕਿ ਉਸਦੇ ਕਿਸੇ ਸ਼ਿਅਰ ਵਿਚ ਹੰਢਾਏ ਹੋਏ ਪਹਿਰਾਵੇ ਦਾ ਉਤਾਰ ਨਹੀਂ, ਬਾਸੀ ਬਿੰਬ ਜਾਂ ਪ੍ਰਤੀਕ ਨਹੀਂ, ਬਹੁਤ ਕੁਝ ਸੱਜਰਾ ਸੱਜਰਾ ਤੇ ਨਵਾਂ ਨਵੀਲਾ ਹੈ।

ਇਕ ਦੋ ਥਾਵਾਂ 'ਤੇ ਗ਼ਾਲਿਬ ਤੇ ਇਕਬਾਲ ਦਾ ਪ੍ਰਭਾਵ ਜ਼ਰੂਰ ਉਸਨੇ ਕਬੂਲਿਆ ਹੈ ਪਰ ਇਹ ਵੀ ਸੁਤੇ-ਸਿਧ ਹੀ ਹੈ।

ਗ਼ਾਲਿਬ ਸਾਹਿਬ ਨੇ ਕਿਹਾ ਸੀ

ਹਾਂ ਅਹਿਲੇ ਤਲਬ ਕੌਨ ਸੁਨੇ ਤਾਅਨਾ-ਇ-ਨਾਯਾਫ਼ਤ,
ਦੇਖਾ ਕਿ ਵੋਹ ਮਿਲਤਾ ਨਹੀਂ ਅਪਨੇ ਹੀ ਕੋ ਖੋ ਆਏ।

ਤਾਂ ਜਸਵਿੰਦਰ ਕਹਿੰਦਾ ਹੈ -

ਸਿਰਾਂ 'ਤੇ ਕਿਸ਼ਤੀਆਂ ਧਰ ਕੇ ਮਲਾਹਾਂ ਨੂੰ ਪਿਆ ਮੁੜਨਾ,
ਗਏ ਸੀ ਟਾਪੂਆਂ ਦੀ ਭਾਲ ਵਿਚ ਸਾਗਰ ਗੁਆ ਆਏ।

ਪਰ ਜਸਵਿੰਦਰ ਦਾ ਸ਼ਿਅਰ ਗ਼ਾਲਿਬ ਸਾਹਿਬ ਨਾਲੋਂ ਜ਼ਿਆਦਾ ਗਹਿਰਾ ਤੇ ਬੁਲੰਦ ਹੈ। ਗ਼ਾਲਿਬ ਦਾ ਸ਼ਿਅਰ ਉਹਨਾਂ ਦੇ "ਇਨਰ ਸੈਲਫ਼" ਦੀ ਵਿਅਕਤੀਗਤ ਅਭਿਵਿਅਕਤੀ ਹੈ ਜਦੋਂ ਕਿ ਜਸਵਿੰਦਰ ਦਾ ਸ਼ਿਅਰ ਦਾਖ਼ਲੀ ਤੇ ਬਾਹਰੀ ਦੋਹਾਂ ਪਹਿਲੂਆਂ ਨੂੰ ਸਮੋਈ ਬੈਠਾ ਹੈ। ਗ਼ਾਲਿਬ ਦਾ ਸ਼ਿਅਰ ਮੈਂ ਮੂਲਕ ਹੈ ਪਰ ਜਸਵਿੰਦਰ ਦਾ **ਸਮਸਤੀਗਤ** ਹੈ।

ਡਾ. ਇਕਬਾਲ ਦਾ ਇਹ ਸ਼ਿਅਰ -

'ਫੂਲ ਕੀ ਪੱਤੀ ਸੇ ਕਟ ਸਕਤਾ ਹੈ ਹੀਰੇ ਕਾ ਜਿਗਰ', ਵੀ ਹਰੀ ਭਰਤ੍ਰੀ ਦੇ

ਸ਼ਿਅਰ ਦਾ ਚਰਬਾ ਹੈ। ਜਸਵਿੰਦਰ ਦਾ ਵੀ ਇਸ ਤਰ੍ਹਾਂ ਦੇ ਮੁਹਾਂਦਰੇ ਵਾਲਾ ਇਕ ਸ਼ਿਅਰ ਹੈ।

ਫੁੱਲ ਦੀ ਪੱਤੀ ਵੀ ਕਰ ਸਕਦੀ ਹੈ ਕੋਈ ਹਾਦਸਾ,
ਲਾਜ਼ਮੀ ਹੁੰਦਾ ਨਹੀਂ ਪੱਥਰ ਹੀ ਨੂੰ ਕਰ ਵਾਂਸਤੇ।

ਪਰ ਇਹ ਵੀ ਤਵਾਰਦ ਹੀ ਕਿਹਾ ਜਾ ਸਕਦਾ ਹੈ। ਕਿਤੇ ਕਿਤੇ ਜਸਵਿੰਦਰ ਫ਼ਿਲਸਫ਼ੀ ਕਵੀ ਵੀ ਪ੍ਰਤੀਤ ਹੁੰਦਾ ਹੈ। ਜਿਵੇਂ :-

ਕਦੇ ਮੈਂ ਇਉਂ ਵੀ ਉਡਦਾ ਹਾਂ ਰਹੇ ਨਾ ਯਾਦ ਏਨਾ ਵੀ,
ਕਿ ਅੰਬਰ ਨੇ ਮੇਰੇ ਅੰਦਰ ਜਾਂ ਮੈਂ ਹਾਂ ਅੰਬਰਾਂ ਅੰਦਰ।

ਕੱਚ ਦੇ ਟੋਟੇ 'ਚੋਂ ਪੈਂਦੈ ਲੰਘਣਾ,
ਧੁੱਪ ਨੂੰ ਅਪਣੇ ਹੀ ਰੰਗਾਂ ਵਾਸਤੇ।

ਜਸਵਿੰਦਰ ਮੇਰੇ ਪਸੰਦੀਦਾ ਸ਼ਾਇਰਾਂ ਵਿੱਚੋਂ ਇਕ ਸ਼ਾਇਰ ਹੈ। ਉਂਜ ਵੀ ਪੂਰੀ ਦੁਨੀਆਂ ਵਿਚ ਪੰਜਾਬੀ ਦੇ ਬੁਲੰਦ ਗਜ਼ਲਗੋਆਂ ਦੀ ਗਿਣਤੀ ਹੱਥ ਦੀਆਂ ਪੂਰੀਆਂ ਪੋਰਾਂ ਵੀ ਨਹੀਂ ਟਪਦੀ, ਜਸਵਿੰਦਰ ਇਸ ਗਿਣਤੀ ਵਿਚ ਵੀ ਪੇਸ਼ ਪੇਸ਼ ਹੈ।

ਉਸਦੇ ਕੁਝ ਬੁਲੰਦ ਤਰੀਂ ਸ਼ਿਅਰ ਵੇਖੋ –

ਸਫ਼ਰ ਕਿੰਨਾ ਵਚਿੱਤਰ ਸੀ ਕਿ ਜਿਸ 'ਤੇ ਚਲਦਿਆਂ ਹੋਇਆਂ,
ਮੁਸਾਫ਼ਿਰ ਪੈਰ ਭੁੱਲ ਆਏ ਪਰਿੰਦੇ ਪਰ ਗੁਆ ਆਏ।

ਸਿਰਾਂ 'ਤੇ ਕਿਸ਼ਤੀਆਂ ਧਰ ਕੇ ਮਲਾਹਾਂ ਨੂੰ ਪਿਆ ਮੁੜਨਾ,
ਗਏ ਸੀ ਟਾਪੂਆਂ ਦੀ ਭਾਲ ਵਿਚ ਸਾਗਰ ਗੁਆ ਆਏ।

ਹਵਾਓ ਨੀ ਤੁਸੀਂ ਸੱਨਾਟਿਆਂ 'ਚੋਂ
ਲਿਜਾਓ ਓਸ ਥਾਂ ਮੈਨੂੰ ਕਿ ਜਿੱਥੇ,
ਬੁਲਾਉਂਦੀ ਰਾਤ ਹੋਵੇ ਤਾਰਿਆਂ ਨੂੰ,
ਜਗਾਉਂਦੀ ਦੀਵਿਆਂ ਨੂੰ ਸ਼ਾਮ ਹੋਵੇ।

ਮੈਂ ਆਤਮਾ ਤੇ ਬਦਨ ਵਿਚਾਲੇ,
ਸੁਗੰਧ ਦਾ ਪੁਲ ਉਸਾਰ ਲੈਂਦਾ,
ਜੇ ਮੇਰੇ ਮਹਿਕਣ ਦੇ ਜਸ਼ਨ ਅੰਦਰ,
ਉਹ ਬਣਕੇ ਤਿਤਲੀ ਸ਼ਰੀਕ ਹੁੰਦੀ।

ਕਿਸੇ ਹਦ ਤੀਕ ਹੀ ਵਿਸਥਾਰ ਕਰ ਸਕਦੇ ਹੋ ਅਪਣਾ,
ਗੁਬਾਰੇ ਵਿਚ ਕਦੋਂ ਤੀਕਰ ਹਵਾ ਭਰਦੇ ਰਹੋਗੇ।

ਸਿਰਲੱਥਾਂ ਦੀ ਭੀੜ ਸੀ ਮੋੜ ਕਸੂਤਾ ਆ ਗਿਆ,
ਸਿਆਣੇ ਸਿਆਣੇ ਮੁੜ ਗਏ ਝੱਲੇ ਝੱਲੇ ਰਹਿ ਗਏ।

ਦਸਤਖ਼ਤ ਪਲਕਾਂ 'ਤੇ ਹੀ ਕਰ ਕੇ ਪਿਛਾਂਹ ਮੁੜ ਜਾਂਦੀਆਂ
ਬਾਰਸ਼ਾਂ ਨੂੰ ਮਨ ਦਾ ਮਾਰੂਥਲ ਨਜ਼ਰ ਆਉਂਦਾ ਨਹੀ ।

ਵਾਸਤਵ ਵਿਚ ਜਸਵਿੰਦਰ ਦੇ ਫ਼ਖ਼ਰੀਆ ਸ਼ਿਅਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਪਰ ਸਪੇਸ ਬੜੀ ਘੱਟ ਹੈ।

ਮੈਂ ਬੜੇ ਫ਼ਖ਼ਰ ਤੇ ਮਾਣ ਨਾਲ਼ ਕਹਿ ਸਕਦਾ ਹਾਂ ਕਿ ਡਾ. ਇਕਬਾਲ ਦੇ ਕਥਨ ਅਨੁਸਾਰ –

ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੈ ਰੋਤੀ ਹੈ,
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਪੰਜਾਬੀ-ਗ਼ਜ਼ਲ-ਕਾਵਿ ਵਿਚ ਦੀਦਾਵਰ ਪੈਦਾ ਹੋ ਗਿਆ ਹੈ। ਅਤੇ ਉਹ ਜਸਵਿੰਦਰ ਹੈ ਜਿਸਦੀ ਸ਼ਾਇਰੀ ਜ਼ਿੰਦਗੀ ਦੇ ਹਰ ਪਹਿਲੂ ਤੇ ਹਰ ਸਰੋਕਾਰ ਦੀ ਤਰਜਮਾਨੀ ਕਰ ਰਹੀ ਹੈ ਅਤੇ ਇਹ ਪੰਜਾਬੀ ਕਾਵਿ ਦੀ ਬਹੁਤ ਵੱਡੀ ਪ੍ਰਾਪਤੀ ਹੈ। ਉਸਦੇ ਸ਼ਿਅਰ ਗੁਲਬੀਨ (Kaleidoscope) ਵਰਗੇ ਹਨ ਜਿਸਦੇ ਸਾਰੇ ਰੰਗ ਨਹੀਂ ਫੜੇ ਜਾ ਸਕਦੇ।

- *ਜਗਤਾਰ*

*18.6.2002*

ਅੱਗ ਹੈ, ਪਾਣੀ ਹੈ, ਇਹ ਆਕਾਸ਼ ਹੈ ਕਿ ਪੌਣ ਹੈ
ਮੇਰੇ ਚੇਤਨ ਤੇ ਅਚੇਤਨ ਦੇ ਵਿਚਾਲੇ ਕੌਣ ਹੈ।

**ਜਸਵਿੰਦਰ** ਸਾਡਾ ਅਜਿਹਾ ਸ਼ਾਇਰ ਹੈ, ਜਿਸ ਲਈ ਗ਼ਜ਼ਲਕਾਰੀ ਮਹਿਜ਼ ਸ਼ਿਲਪ ਤੇ ਕਲਪਨਾ ਦਾ ਖੇਲ ਨਹੀਂ, ਜੀ-ਜਾਨ ਵਿਚ ਰਮੀ ਹੋਈ ਪ੍ਰਕਿਰਿਆ ਹੈ, ਆਪਣੀ ਧੜਕਣ ਦਾ ਤਰਜਮਾ ਹੈ, ਰੱਤ ਚੋਂ ਕਸ਼ੀਦ ਹੋਏ ਕਤਰਿਆਂ ਦੀ ਸਤਰਬੰਦੀ।

ਜਸਵਿੰਦਰ ਆਪਣੇ ਸਮਿਆਂ ਅਤੇ ਆਪਣੇ ਆਲ਼ੇ-ਦੁਆਲ਼ੇ ਦੇ ਦੁੱਖਾਂ ਸੁੱਖਾਂ ਤੋਂ ਸਚੇਤ ਹੈ, ਪਰ ਉਹ ਉਨ੍ਹਾਂ ਦਾ ਬਿਆਨ ਕਿਸੇ ਨਾਮਾਨਿਗਾਰ ਵਾਂਗ ਨਹੀਂ ਕਰਦਾ, ਉਹ ਘਟਨਾਵਾਂ ਤੇ ਵਰਤਾਰਿਆਂ ਦੇ ਸੂਖ਼ਮ ਪ੍ਰਭਾਵਾਂ ਨੂੰ ਆਪਣੇ ਸੰਵੇਦਨਾਸ਼ੀਲ ਮਨ ਦੀਆਂ ਗਹਿਰੀਆਂ ਪਰਤਾਂ ਵਿਚ ਮਹਿਸੂਸ ਕਰਦਾ ਹੈ ਤੇ ਫਿਰ ਅਹਿਸਾਸਾਂ ਨੂੰ ਅੱਖਰਾਂ ਵਿੱਚ ਢਾਲਦਾ ਹੈ। ਅਹਿਸਾਸ ਦੀ ਗਹਿਰਾਈ ਤੇ ਉਸ ਨੂੰ ਪ੍ਰਮਾਣਿਕਤਾ ਨਾਲ਼ ਬਿਆਨ ਕਰ ਸਕਣ ਦੀ ਸਮਰੱਥਾ ਤੇ ਇਕਾਗਰਤਾ ਹੀ ਉਸ ਦੀ ਸ਼ਕਤੀ ਹੈ।

ਜਸਵਿੰਦਰ ਦੀ ਮਾਨਸਿਕਤਾ ਵਿਚ ਇਕ ਤਣਾਅ ਵੀ ਹੈ ਤੇ ਸਮਤੋਲ ਹੈ। ਉਸ ਨੂੰ ਆਪਣੇ ਸਮਿਆਂ ਉੱਤੇ ਹਾਵੀ ਨਾਂਹ-ਮੁਖਤਾ ਦਾ ਗਹਿਰਾ ਅਹਿਸਾਸ ਹੈ, ਪਰ ਨਾਲ਼ ਹੀ ਸ੍ਰਿਸ਼ਟੀ ਅਤੇ ਮਾਨਵਤਾ ਵਿਚ ਉਸ ਦੀ ਅਡੋਲ ਆਸਥਾ ਵੀ ਹੈ। ਉਸ ਦੇ ਇਹ ਖ਼ੂਬਸੂਰਤ ਸ਼ੇਅਰ ਇਸ ਤੱਥ ਵੱਲ ਹੀ ਸੰਕੇਤ ਕਰਦੇ ਹਨ -

ਬਿਰਖ ਦੀ ਜੜ੍ਹ ਨਾ ਨਮੀ ਤੱਕ ਜਾ ਸਕੀ ਤੇ ਸੁੱਕ ਗਿਆ
ਇਸ ਦਾ ਮਤਲਬ ਇਹ ਨਹੀਂ ਕਿ ਰੇਤ ਹੇਠਾਂ ਜਲ ਨਹੀਂ

ਹਰਿਕ ਬੂਟਾ ਹੀ ਮੌਸਮ ਨੇ ਸਤਾਇਆ
ਹਨ੍ਹੇਰੀ ਨੇ ਵੀ ਪੂਰਾ ਜ਼ੋਰ ਲਾਇਆ
ਹਰਾ ਘਾਹ ਫੇਰ ਵੀ ਹੈ ਲਹਿਲਹਾਇਆ
ਸਫ਼ੈਦੇ ਤਾਂ ਜੜ੍ਹੋਂ ਉੱਖੜ ਗਏ ਨੇ

ਜਸਵਿੰਦਰ ਦੀ ਸੰਵੇਦਨਾ ਤੇ ਸਰੋਕਾਰ ਸਮੁੱਚੇ ਮਾਨਵੀ ਸਮਾਜ ਦੇ ਅਜੋਕੇ ਮਸਲਿਆਂ ਨਾਲ਼ ਵੀ ਸੰਬੰਧਿਤ ਹਨ ਤੇ ਮਾਨਵ ਦੀਆਂ ਆਦਿ ਜੁਗਾਦੀ ਤੇਹਾਂ

ਨਾਲ਼ ਵੀ। ਗ਼ਜ਼ਲ ਉਸ ਲਈ ਜ਼ਿੰਦਗੀ ਨੂੰ ਸਮਝਣ ਤੇ ਬਦਲਣ ਦਾ ਵਸੀਲਾ ਵੀ ਹੈ ਤੇ ਆਪਣੇ ਆਪੇ ਦਾ ਕਾਵਿਕ ਇਜ਼ਹਾਰ ਵੀ। ਆਪਣੀ ਬਾਰੀਕਬੀਨੀ, ਸੂਖ਼ਮ ਸੰਵੇਦਨਾ, ਸੁਹਿਰਦਤਾ, ਕਲਪਨਾ ਤੇ ਆਪਣੇ ਮੌਲਿਕ ਅੰਦਾਜ਼ ਸਦਕਾ ਜਸਵਿੰਦਰ ਸਾਡੇ ਉਨ੍ਹਾਂ ਚੰਦ ਗ਼ਜ਼ਲਕਾਰਾਂ ਵਿਚ ਸ਼ਾਮਿਲ ਹੈ, ਜੋ ਅਜੋਕੀ ਪੰਜਾਬੀ ਗ਼ਜ਼ਲ ਦਾ ਮਾਣ ਹਨ ਤੇ ਇਸ ਦੇ ਉੱਜਲੇ ਭਵਿੱਖ ਦੇ ਜ਼ਾਮਨ। ਉਸ ਦੇ ਗ਼ਜ਼ਲ-ਸੰਗ੍ਰਹਿ **'ਕੱਕੀ ਰੇਤ ਦੇ ਵਰਕੇ'** ਨਾਲ਼ ਸਿਰਫ਼ ਜਸਵਿੰਦਰ ਦਾ ਹੀ ਨਹੀਂ ਸਮੁੱਚੀ ਪੰਜਾਬੀ ਗ਼ਜ਼ਲ ਦਾ ਰੁਤਬਾ ਉੱਚਾ ਹੋਇਆ ਹੈ।

*- ਸੁਰਜੀਤ ਪਾਤਰ*

□

ਅੱਜ ਵੀ ਕਟ ਸਕਿਆ ਨਾ ਮੋਹ ਦਾ ਜਾਲ ਤੇ ਹਰਨਾ ਪਿਆ।
ਅੱਜ ਵੀ ਮੈਨੂੰ ਬੁੱਧ ਹੋਣਾ ਮੁਲਤਵੀ ਕਰਨਾ ਪਿਆ।

ਕੀ ਕਰਾਂ ਜੰਗਲ ਦੀਆਂ ਤੇਹਾਂ ਦਾ ਮੈਨੂੰ ਇਸ ਘੜੀ,
ਘਰ 'ਚ ਸੁਕਦੀ ਜਾ ਰਹੀ ਇਕ ਵੇਲ 'ਤੇ ਵਰ੍ਹਨਾ ਪਿਆ।

ਤੇਰੀ ਖ਼ਾਤਰ ਕਿਹੜੀ ਕਿਹੜੀ ਪੌਣ ਦੇ ਪਰਤੇ ਸਫ਼ੇ,
ਕਿਹੜੇ ਕਿਹੜੇ ਡੂੰਘਿਆਂ ਖੂਹਾਂ 'ਚ ਉੱਤਰਨਾ ਪਿਆ।

ਮੇਰੇ ਖ਼ਾਬਾਂ ਦੇ ਜਹਾਜ਼ਾਂ ਨੂੰ ਸਮੁੰਦਰ ਦੀ ਜਗ੍ਹਾ,
ਤੇਰੀਆਂ ਅੱਖਾਂ 'ਚ ਉਡਦੀ ਰੇਤ ਵਿਚ ਤਰਨਾ ਪਿਆ।

ਜਿਸਦੇ ਸਾਰੇ ਹਰਫ਼ ਨੇ ਤੀਰਾਂ ਦੀਆਂ ਨੋਕਾਂ ਜਿਹੇ,
ਉਸ ਇਬਾਰਤ ਨਾਲ਼ ਹੀ ਦਿਲ ਦਾ ਸਫ਼ਾ ਭਰਨਾ ਪਿਆ।

ਸੌ ਮੁਖੌਟੇ ਪਹਿਨ ਕੇ ਵੀ ਪਾਰਦਰਸ਼ੀ ਰਹਿਣ ਦਾ,
ਰਹਿਣ ਦੇ ਤੂੰ ਨਾ ਹੀ ਪੁੱਛ ਕਿੰਨਾ ਕੁ ਦੁੱਖ ਜਰਨਾ ਪਿਆ।

ਜ਼ਿੰਦਗੀ ਦੀ ਵਾਟ ਹੈ ਰੰਗੀਨ ਵੀ ਗ਼ਮਗੀਨ ਵੀ,
ਪੈਰ ਇਕ ਫੁੱਲਾਂ 'ਤੇ ਦੂਜਾ ਕੱਚ 'ਤੇ ਧਰਨਾ ਪਿਆ।

□

ਜੇਕਰ ਹੋਵੇ ਮੱਚਿਆ ਪੌਣਾਂ ਵਿਚ ਕੁਹਰਾਮ।
ਹਰਫ਼ਾਂ ਨੂੰ ਨਹੀਂ ਸ਼ੋਭਦਾ ਸਫ਼ਿਆਂ 'ਤੇ ਆਰਾਮ।

ਆਪ ਮੁਹਾਰੇ ਵਹਿਣ ਦੇ ਪਲ ਦੋ ਪਲ ਜਜ਼ਬਾਤ,
ਸਤਰਾਂ ਨਾਲ਼ੋਂ ਮੇਟ ਦੇ ਕੌਮੇ ਤੇ ਵਿਸ਼ਰਾਮ।

ਅੰਤਿਮ ਛੋਹਾਂ ਨਾਲ਼ ਜਦ ਹੱਸਣੀ ਸੀ ਤਸਵੀਰ,
ਕੈਨਵਸ ਉੱਤੇ ਡੁੱਲ੍ਹ ਗਏ ਮੈਥੋਂ ਰੰਗ ਤਮਾਮ।

ਪਾਰਾ ਬਣ ਕੇ ਵਹਿ ਗਈ ਕਾਇਆ ਵਿੱਚ ਸਵੇਰ,
ਖ਼ੰਜਰ ਬਣ ਕੇ ਲਹਿ ਗਈ ਸੀਨੇ ਅੰਦਰ ਸ਼ਾਮ।

ਉੱਚੇ ਗੁੰਬਦ ਦੇਖ ਕੇ ਅਸ਼ ਅਸ਼ ਕਰਦੇ ਲੋਕ,
ਨੀਹਾਂ ਹੇਠਾਂ ਸਹਿਕਦੇ ਪੱਥਰ ਨੇ ਗੁੰਮਨਾਮ।

ਕਿੱਥੇ ਲੈ ਕੇ ਜਾਣਗੇ ਇਹ ਦੋਵੇਂ ਅਹਿਸਾਸ,
ਅੱਖਾਂ ਵਿਚਲੀ ਬੇਬਸੀ ਖ਼ਾਬਾਂ ਵਿਚਲੀ ਲਾਮ।

ਅਪਣੇ ਤਾਂ ਵਿਚਕਾਰ ਸੀ ਤਪਦਾ ਰੇਗਿਸਤਾਨ,
ਕਿੰਜ ਭਲਾ ਮੈਂ ਭੇਜਦਾ ਬੱਦਲਾਂ ਹੱਥ ਪੈਗ਼ਾਮ।

ਦਿਲ ਵਿਚ ਨਹੀਂ ਉਮੰਗ ਤਾਂ ਕੀ ਚੜ੍ਹਨਾ ਸੀ ਰੰਗ,
ਤਲੀਆਂ ਐਵੇਂ ਲਾਉਂਦੀਆਂ ਮਹਿੰਦੀ ਸਿਰ ਇਲਜ਼ਾਮ।

ਬੁੱਝ ਭਲਾ ਮੈਂ ਕੌਣ ਹਾਂ ਕੀ ਮੇਰੀ ਪਹਿਚਾਣ,
ਇਹ ਜੋ ਮੇਰਾ ਨਾਮ ਹੈ ਇਹ ਨਹੀਂ ਮੇਰਾ ਨਾਮ।

□

ਕੁਝ ਵੀ ਹੋ ਸਕਦਾ ਨਾ ਹੋਵੇ ਇਉਂ ਨਹੀਂ ਹਰਦਮ ਨਹੀਂ।
ਇਸ ਕਦਰ ਵੀ ਬੇਭਰੋਸੇਯੋਗ ਇਹ ਮੌਸਮ ਨਹੀਂ।

ਵਕਤ ਦੇ ਮੱਥੇ 'ਤੇ ਉੱਕਰੇ ਹਰਫ਼ ਪੜ੍ਹ ਹੀ ਨਾ ਸਕਾਂ,
ਮੇਰੀਆਂ ਅੱਖਾਂ ਦੀ ਲੋਅ ਏਨੀ ਵੀ ਤਾਂ ਮੱਧਮ ਨਹੀਂ।

ਰੋਹੀ ਬੀਆਬਾਨ ਵੀ ਮੈਂ ਪਾਰ ਕਰਨੀ ਹੈ ਜ਼ਰੂਰ,
ਰਾਤ ਵੀ ਅੱਧੀ ਹੈ ਸਿਰ 'ਤੇ ਚੰਨ ਵੀ ਸਾਲਮ ਨਹੀਂ।

ਉਮਰ ਲੱਗ ਜਾਂਦੀ ਹੈ ਇਕ ਇਕ ਤਾਰ ਸੁਰ ਵਿਚ ਕਰਦਿਆਂ,
ਸਾਰਿਆਂ ਸਾਜ਼ਾਂ 'ਚ ਹੁੰਦੀ ਫੇਰ ਵੀ ਸਰਗਮ ਨਹੀਂ।

ਸਿਰਫ਼ ਸ਼ੀਸ਼ੇ ਵਿਚ ਹੀ ਮੈਂ ਮਿਲਦਾ ਹਾਂ ਅਪਣੇ ਆਪ ਨੂੰ,
ਅਸਲ ਵਿਚ ਦੋਹਾਂ ਦਾ ਹੋ ਸਕਿਆ ਅਜੇ ਸੰਗਮ ਨਹੀਂ।

ਜਾਣ ਵੇਲੇ ਮੇਰੇ ਵੱਲ ਬਾਹਾਂ ਉਲਾਰੇ ਬਾਲ ਜੇ,
ਪਰਤ ਕੇ ਵੇਖਾਂ ਹੀ ਨਾ ਏਨਾ ਵੀ ਮੈਂ ਗੌਤਮ ਨਹੀਂ।

ਕਿਸੇ ਬਰਸਾਤ ਦਾ ਇੱਕੋ ਤਲਾਅ ਵਿਚ ਭਰ ਗਿਆ ਪਾਣੀ।
ਨਗਰ ਵਿਚ ਸ਼ੋਰ ਹੈ ਕਿੱਧਰ ਗਿਆ, ਕਿੱਧਰ ਗਿਆ ਪਾਣੀ।

ਚਿੜੀ ਦੀ ਚੁੰਝ ਡੁੱਬੀ ਤਾਂ ਕਰੀ ਲਹਿਰਾਂ ਨੇ ਪਰਿਕਰਮਾ,
ਲਹੂ ਲਿਬੜੀ ਛੁਰੀ ਡੁੱਬੀ ਤਾਂ ਹੋ ਪੱਥਰ ਗਿਆ ਪਾਣੀ।

ਕਿਵੇਂ ਦੱਸਾਂਗਾ ਅਗਲੀ ਨਸਲ ਨੇ ਪੁੱਛਿਆ ਜੇ ਇਹ ਮੈਥੋਂ:
ਇਹ ਕੀ ਹੁੰਦੈ, ਜੋ ਅੱਖਾਂ ਤੇਰੀਆਂ ਵਿਚ ਭਰ ਗਿਆ ਪਾਣੀ।

ਅਜਬ ਹੈ ਦੁਸ਼ਮਣੀ ਉਸਦੀ, ਅਜਬ ਹੈ ਦੋਸਤੀ ਉਸਦੀ,
ਮਚਾ ਕੇ ਲਾਟ ਸੀਨੇ ਵਿਚ ਸਿਰ੍ਹਾਣੇ ਧਰ ਗਿਆ ਪਾਣੀ।

ਇਹ ਸਰਹੱਦਾਂ ਉਲੰਘੇ ਕਿਉਂ ਬਗਾਨੇ ਖੇਤ ਕਿਉਂ ਸਿੰਜੇ,
ਫੜੋ ਇਸਨੂੰ ਹਕੂਮਤ ਦੀ ਖ਼ਿਲਾਫ਼ਤ ਕਰ ਗਿਆ ਪਾਣੀ।

ਨਦੀ ਨੂੰ ਤਰਦੀਆਂ ਮੁਰਗ਼ਾਬੀਆਂ ਦਾ ਖ਼ਾਬ ਜਦ ਆਇਆ,
ਮਚਲਦੀ ਰੇਤ ਹੇਠਾਂ ਬਹਿ ਗਈ ਨਿੱਤਰ ਗਿਆ ਪਾਣੀ।

□

ਖ਼ੁਦ ਨੂੰ ਹੀ ਆਵਾਜ਼ ਜੇ ਮਾਰੇਂਗਾ ਪਲ ਭਰ ਵਾਸਤੇ।
ਬਹਿਸ ਦਾ ਮੁੱਦਾ ਤੂੰ ਬਣ ਜਾਵੇਂਗਾ ਘਰ ਘਰ ਵਾਸਤੇ।

ਫੁੱਲ ਦੀ ਪੱਤੀ ਵੀ ਕਰ ਸਕਦੀ ਹੈ ਕੋਈ ਹਾਦਸਾ.
ਲਾਜ਼ਮੀ ਹੁੰਦਾ ਨਹੀਂ ਪੱਥਰ ਹੀ ਠੋਕਰ ਵਾਸਤੇ।

ਕੁਝ ਨਾ ਕੁਝ ਤਾਂ ਸੁਲਗਣਾ ਚਾਹੀਦੈ ਦਿਲ ਅੰਦਰ ਸਦਾ,
ਖ਼ੌਲਦੇ ਰਹਿਣਾ ਜ਼ਰੂਰੀ ਹੈ ਸਮੁੰਦਰ ਵਾਸਤੇ।

ਦਿਲ ਮਚਲਦੈ ਪੀਂਘ ਸਤਰੰਗੀ 'ਤੇ ਬਹਿ ਕੇ ਗੌਣ ਨੂੰ,
ਤਰਸਦਾ ਉਮਰਾਂ ਤੋਂ ਹਾਂ ਮੈਂ ਏਸ ਮੰਜ਼ਰ ਵਾਸਤੇ।

ਤਪਸ਼ ਤੋਂ ਡਰ ਕੇ ਜੇ ਬੂਹਾ ਬੰਦ ਕਰਨਾ ਹੈ ਤਾਂ ਕਰ
ਫੇਰ ਵੀ ਕੁਝ ਵਿਰਲ ਰੱਖੀਂ ਧੁੱਪ ਦੀ ਕਾਤਰ ਵਾਸਤੇ।

ਧੁਖ਼ਦਿਆਂ ਜਿਸਮਾਂ ਦੇ ਨਾਂ ਸਾਰਾ ਚੁਮਾਸਾ ਨਾ ਕਰੀਂ,
ਚਾਰ ਕਣੀਆਂ ਸਾਂਭ ਲੈ ਰੂਹਾਂ ਦੇ ਕੱਲਰ ਵਾਸਤੇ।

ਬਿਰਖ ਹਿਜਰਤ ਕਰ ਗਏ ਬੇਗਾਨੀਆਂ ਜੂਹਾਂ 'ਚ ਜੋ,
ਉਹ ਗੁਆਚੀ ਛਾਂ ਲਈ ਪਾਉਂਦੇ ਨੇ ਅਕਸਰ ਵਾਸਤੇ।

ਸੋਚਦਾ ਜੁਗਨੂੰ ਕਿ ਮੈਂ ਵੀ ਕੁਝ ਤਾਂ ਮੇਟਾਂਗਾ ਹਨ੍ਹੇਰ,
ਇੱਕ ਹੀ ਸੂਰਜ ਬੜਾ ਥੋੜ੍ਹਾ ਹੈ ਅੰਬਰ ਵਾਸਤੇ।

ਸ਼ਾਇਰੀ ਵਿਚ ਫੈਲਣਾ ਪੈਂਦੈ ਕਦੇ ਅਸਮਾਨ ਜਿਉਂ,
ਸਿਮਟਣਾ ਬਿੰਦੂ 'ਚ ਪੈਂਦੈ ਇਕ ਹੀ ਅੱਖਰ ਵਾਸਤੇ।

□

ਸੁੰਨ ਸਰਾਂ ਸੱਨਾਟਾ ਆਸੇ ਪਾਸੇ ਤੋਂ ਡਰ ਲਗਦਾ ਹੈ।
ਖ਼ਾਮੋਸ਼ੀ ਦੇ ਆਲਮ ਵਿਚ ਇਕ ਹਾਸੇ ਤੋਂ ਡਰ ਲਗਦਾ ਹੈ।

ਮੈਨੂੰ ਠਾਰਨ ਖ਼ਾਤਰ ਇਕ ਬੱਦਲੀ ਬੇਚੈਨ ਹੈ ਪਰ ਉਸਨੂੰ,
ਰਾਹ ਵਿਚ ਪੈਂਦੇ ਰੇਗਿਸਤਾਨ ਪਿਆਸੇ ਤੋਂ ਡਰ ਲਗਦਾ ਹੈ।

ਚਿੜੀਆਂ ਨੂੰ ਚੋਗਾ ਵੀ ਪਾਵੇਂ ਤਰਕਸ਼ ਵੀ ਸੰਭਾਲ ਰਿਹੈਂ,
ਮਾਸੂਮਾਂ ਨੂੰ ਤੇਰੇ ਦੂਹਰੇ ਖ਼ਾਸੇ ਤੋਂ ਡਰ ਲਗਦਾ ਹੈ।

ਇੱਕੋ ਹੀ ਮੁਸਕਾਨ ਦਾ ਉਸਨੇ ਭਾਰੀ ਮੁੱਲ ਚੁਕਾਇਆ ਸੀ,
ਹੁਣ ਉਸਨੂੰ ਦੋ ਪੈਸੇ ਦੇ ਦੰਦਾਸੇ ਤੋਂ ਡਰ ਲਗਦਾ ਹੈ।

ਰਾਣੀ ਕੋਲੋਂ ਭਿਛਿਆ ਦੇ ਵਿਚ ਮੋਤੀ ਲੈ ਕੇ ਜੋਗੀ ਨੂੰ,
ਕੰਬ ਰਹੇ ਹੱਥਾਂ ਵਿਚ ਅਪਣੇ ਕਾਸੇ ਤੋਂ ਡਰ ਲਗਦਾ ਹੈ।

ਪੱਤਾ ਹਾਂ ਝੜ ਜਾਵਾਂਗਾ ਫਿਰ ਮੀਹਾਂ ਵਿਚ ਰੁੜ੍ਹ ਜਾਵਾਂਗਾ,
ਪਹਿਲਾਂ ਔੜਾਂ ਕੋਲੋਂ ਫੇਰ ਚੁਮਾਸੇ ਤੋਂ ਡਰ ਲਗਦਾ ਹੈ।

□

ਅਪਣੇ ਸਿਰਾਂ 'ਤੇ ਡੋਲਦੀ ਧਰਤੀ ਸੰਭਾਲਦੇ।
ਕਿੰਨੇ ਅਜੀਬ ਸ਼ੌਕ ਨੇ ਇਹ ਲੋਕ ਪਾਲਦੇ।

ਛਾਂਵਾਂ ਵਿਹੂਣੇ ਹੋ ਗਏ ਜੋ ਬਿਰਖ, ਛਾਂਗ ਨਾ,
ਪਤਝੜ ਤੋਂ ਬਾਦ ਆਉਣਗੇ ਪੱਤੇ ਕਮਾਲ ਦੇ।

ਨੰਗਾ ਹੈ ਮੇਰਾ ਜਿਸਮ ਤੇ ਤੁਰਦਾ ਹਾਂ ਬਰਫ਼ 'ਤੇ,
ਤੁਰਦਾ ਰਹਾਂਗਾ ਤੂੰ ਜ਼ਰਾ ਜ਼ੁਲਫ਼ਾਂ ਦਾ ਸ਼ਾਲ ਦੇ।

ਚੰਗੇ ਉਹ ਕਦਰਦਾਨ ਨੇ ਲੈ ਕੇ ਜੋ ਦਿਲ ਮੇਰਾ,
ਗਲੀਆਂ 'ਚ ਗੇਂਦ ਵਾਂਗ ਨੇ ਫਿਰਦੇ ਉਛਾਲਦੇ।

ਪਹਿਲਾਂ ਉਹ ਹੱਥ ਸੇਕਦੇ ਫੁੱਲਾਂ ਨੂੰ ਬਾਲ ਕੇ,
ਫਿਰ ਉਮਰ ਸਾਰੀ ਰਾਖ਼ 'ਚੋਂ ਮਹਿਕਾਂ ਨੇ ਭਾਲਦੇ।

ਕੁਝ ਲੋਕ ਲੈਣ ਤਾਰਿਆਂ ਕੋਲੋਂ ਦਿਸ਼ਾ ਸਦਾ,
ਕੁਝ ਲੋਕ ਤਾਰੇ ਗਿਣਦਿਆਂ ਉਮਰਾਂ ਨੇ ਗਾਲਦੇ।

□

ਨਮੋਸ਼ੀ ਹਾਰ ਦੀ ਤੇ ਜਿੱਤ ਦਾ ਹੰਕਾਰ ਲਾਹ ਦੇਈਏ।
ਚਲੋ ਹੁਣ ਫ਼ਾਲਤੂ ਚੀਜ਼ਾਂ ਦਾ ਰੂਹ ਤੋਂ ਭਾਰ ਲਾਹ ਦੇਈਏ।

ਇਨ੍ਹਾਂ ਵਿਚ ਆਰਜ਼ੀ ਧਰਵਾਸ ਹੈ, ਖ਼ਤਰੇ ਸਦੀਵੀ ਨੇ,
ਸਿਰਾਂ ਤੋਂ ਕਲਗੀਆਂ ਤੇ ਗਰਦਨਾਂ 'ਚੋਂ ਹਾਰ ਲਾਹ ਦੇਈਏ।

ਫਿਸਲ ਜਾਂਦੇ ਨੇ ਅਕਸਰ ਲੋਕ ਖੋਲ੍ਹਣਸਾਰ ਏਹਨਾਂ ਨੂੰ,
ਪਵਿੱਤਰ ਪੁਸਤਕਾਂ 'ਤੇ ਜੰਮ ਗਈ ਜੋ ਗਾਰ ਲਾਹ ਦੇਈਏ।

ਹਰੇ ਜੰਗਲ ਨੇ ਸੁੱਕ ਜਾਣੈ ਜੇ ਇਉਂ ਹੀ ਲਿਪਟੀਆਂ ਰਹੀਆਂ,
ਜੜ੍ਹਾਂ ਤੋਂ ਹੀਣੀਆਂ ਵੇਲਾਂ ਵਲੇਵੇਂਦਾਰ ਲਾਹ ਦੇਈਏ।

ਅਸੀਂ ਛੋਟੇ ਸਹੀ ਫਿਰ ਵੀ ਤਸੱਲੀ ਹੈ ਕਿ ਜਗਦੇ ਹਾਂ,
ਜੇ ਉਡ ਸਕੀਏ ਤਾਂ ਕਾਲੀ ਰਾਤ ਦੇ ਲੰਗਾਰ ਲਾਹ ਦੇਈਏ।

ਅਸਾਡੀ ਕਾਫ਼ਰਾਂ ਦੀ ਖੇਡ ਹੈ ਇਹ, ਮਾਫ਼ ਕਰਨਾ ਜੀ,
ਮਸੀਹੇ ਦਾ ਮੁਖੌਟਾ ਚੌਂਕ ਦੇ ਵਿਚਕਾਰ ਲਾਹ ਦੇਈਏ।

□

ਦਿਲ ਦੀ ਰੋਹੀ, ਮਨ ਦਾ ਸਹਿਰਾ, ਰੂਹ ਦਾ ਬੰਜਰ ਲਿਖਦਾ ਹਾਂ।
ਤੇਰੇ ਸਿਰਨਾਵੇਂ 'ਤੇ ਅਪਣੇ ਆਪ ਨੂੰ ਪੱਤਰ ਲਿਖਦਾ ਹਾਂ।

ਕੀ ਦੱਸਾਂ ਮੈਂ ਕਿਸਨੂੰ ਰੋਜ਼ ਉਡੀਕਾਂ ਜਨਮਾਂ ਜਨਮਾਂ ਤੋਂ,
ਲਿਖਦਾ ਹਾਂ, ਕਟਦਾ ਹਾਂ, ਮੁੜ ਮੁੜ ਕਿਸ ਦੀ ਖ਼ਾਤਰ ਲਿਖਦਾ ਹਾਂ।

ਮੇਰੇ ਸਿਰ ਇਲਜ਼ਾਮ ਹੈ ਕਿਉਂ ਪੜ੍ਹਦਾ ਹਾਂ ਲਿੱਪੀ ਗਰਦਿਸ਼ ਦੀ,
ਕਿਉਂ ਸ਼ੀਸ਼ੇ ਦੀ ਦੇਹੀ 'ਤੇ ਮੈਂ ਉਡਦੇ ਪੱਥਰ ਲਿਖਦਾ ਹਾਂ।

ਰਿਸ਼ਤੇ ਨਾਤੇ ਮੋਹ ਮਾਇਆ ਮਰਯਾਦਾ ਤੇ ਇਖ਼ਲਾਕ ਦੀਆਂ,
ਹਾਲੇ ਤਾਂ ਮੈਂ ਕਿੰਨੀਆਂ ਹੀ ਦੀਵਾਰਾਂ ਅੰਦਰ ਲਿਖਦਾ ਹਾਂ।

ਰਾਹ ਵਿਚ ਆਉਂਦੇ ਸਾਲ ਮਹੀਨੇ ਦਿਨ ਦਮ ਘੁਟਦੇ ਰਹਿੰਦੇ ਨੇ,
ਖੁੱਲ੍ਹ ਕੇ ਜੀਣ ਲਈ ਹੁਣ ਮਰਜ਼ੀ ਦਾ ਕੈਲੰਡਰ ਲਿਖਦਾ ਹਾਂ।

ਕਾਗ਼ਜ਼ 'ਤੇ ਆਉਂਦੇ ਹੀ ਅੱਥਰੂ ਜਾਂ ਅੰਗਿਆਰੇ ਬਣ ਜਾਂਦੇ,
ਅਪਣੀ ਤਰਫ਼ੋਂ ਤਾਂ ਮੈਂ ਫੁੱਲਾਂ ਵਰਗੇ ਅੱਖਰ ਲਿਖਦਾ ਹਾਂ।

□

ਸੁਰਾਂ ਦੇਣ ਦਸਤਕ ਜੇ ਮੁੜ ਮੁੜ ਦਰਾਂ 'ਤੇ,
ਤਾਂ ਖ਼ਾਮੋਸ਼ ਰਹਿ ਕੇ ਗੁਜ਼ਾਰਾ ਨਾ ਹੋਵੇ।
ਹਵਾ ਦੇ ਹਵਾਲੇ ਕਰਾਂ ਬੋਲ ਅਪਣੇ,
ਘੁਟਨ ਇਸ ਤਰ੍ਹਾਂ ਦੀ ਦੁਬਾਰਾ ਨਾ ਹੋਵੇ।

ਕਦੋਂ ਬਹਿਣ ਦਿੰਦੀ ਹੈ ਬੰਦੇ ਨੂੰ ਭਟਕਣ
ਇਹ ਉਤਰੇ ਪਤਾਲੀਂ ਤਲਾਸ਼ੇ ਖ਼ੁਦੀ ਨੂੰ,
ਉਦੋਂ ਤੀਕ ਅਪਣੇ ਹੀ ਟੁਕੜੇ ਚੁਣੇ ਇਹ
ਜਦੋਂ ਤੀਕ ਪੂਰਾ ਤੇ ਸਾਰਾ ਨਾ ਹੋਵੇ।

ਇਹ ਦੁਖ ਸੁਖ, ਇਹ ਤੇਹਾਂ, ਸੁਰਾਂ, ਇਹ ਤਰਾਨੇ
ਇਹ ਖ਼ੁਦ ਤੀਕ ਪਹੁੰਚਣ ਦੇ ਹੀ ਨੇ ਬਹਾਨੇ,
ਮਨੁੱਖਾਂ ਤੇ ਰੁੱਖਾਂ 'ਚ ਅੰਤਰ ਰਹੇ ਨਾ
ਜੇ ਸੋਚਾਂ ਦਾ ਏਨਾ ਖਲਾਰਾ ਨਾ ਹੋਵੇ।

ਕਿਸੇ ਆਸ ਦੇ ਆਸਰੇ ਹੀ ਪਰਿੰਦੇ
ਘਰੋਂ ਦੂਰ ਬੇਗਾਨੇ ਅੰਬਰ 'ਚ ਭਾਉਂਦੇ,
ਬਦੇਸ਼ਾਂ 'ਚ ਡੰਗੇ ਗੁਲਾਬੀ ਹਵਾ ਵੀ
ਜੇ ਖ਼ੁਸ਼ਬੂ 'ਚ ਕੋਈ ਹੁਲਾਰਾ ਨਾ ਹੋਵੇ।

ਉਡੀਕਾਂ 'ਚ ਜੀਣਾ ਵੀ ਕਾਹਦਾ ਏ ਜੀਣਾ
ਕਦੇ ਮੀਲ ਪੱਥਰ ਕਦੇ ਰੇਤ ਹੋਣਾ,
ਪਲਾਂ ਵਿਚ ਬਿਖ਼ਰਨਾ ਤੇ ਗ਼ਰਦਿਸ਼ 'ਚ ਉੜਨਾ
ਮੇਰੀ ਹੋਂਦ ਇਉਂ ਪਾਰਾ ਪਾਰਾ ਨਾ ਹੋਵੇ।

ਕਦੇ ਜ਼ਹਿਰ ਸਾਗਰ ਦਾ ਪੀਣਾ ਹੈ ਪੈਂਦਾ
ਉਠਾਉਣੀ ਪਵੇ ਧਰਤ ਵੀ ਧੌਲ ਬਣ ਕੇ,
ਕਦੇ ਆਪ ਬਲਣਾ ਪਵੇ ਲੋਅ ਦੀ ਖ਼ਾਤਰ
ਸਫ਼ਰ ਵਿਚ ਜੇ ਕੋਈ ਵੀ ਤਾਰਾ ਨਾ ਹੋਵੇ।

□

ਹੋਰ ਕਿੰਨਾ ਚਿਰ ਅਸੀਂ ਖ਼ਾਬਾਂ 'ਚ ਖੰਡਰ ਵੇਖਣੇ ਨੇ।
ਸ਼ੀਸ਼ਿਆਂ ਵਿਚ ਆਪਣੇ ਹੀ ਅਕਸ ਡਰ ਡਰ ਵੇਖਣੇ ਨੇ।

ਕਾਲੀਆਂ ਧੁੱਪਾਂ, ਧੁਆਂਖੀ ਚਾਨਣੀ, ਸੋਗੀ ਸਵੇਰੇ,
ਕੀ ਪਤੈ ਕਿਸ ਕਿਸ ਤਰ੍ਹਾਂ ਦੇ ਹੋਰ ਮੰਜ਼ਰ ਵੇਖਣੇ ਨੇ।

ਦੇਰ ਤੋਂ ਪਰਤੇ ਮਲਾਹਾਂ ਨੇ ਘਰੀਂ ਮੋਹਵੰਤੀਆਂ ਦੇ,
ਇੱਕ ਹੰਝੂ ਵਿੱਚ ਹੀ ਸੌ ਸੌ ਸਮੁੰਦਰ ਵੇਖਣੇ ਨੇ।

ਇਸ ਭਰੇ ਮੇਲੇ 'ਚੋਂ ਬਾਹਰ ਆ ਕਿ ਹੁਣ ਕਬਰਾਂ 'ਚ ਜਾ ਕੇ,
ਬੰਦਿਆਂ ਬਾਰੇ ਕੀ ਸੋਚਣ ਸੰਗਮਰਮਰ ਵੇਖਣੇ ਨੇ।

ਦਿਨ ਢਲੇ ਤਕ ਦੇਖਦੀ ਰਹਿੰਦੀ ਹੈ ਜੋ ਮੁੜ ਮੁੜ ਕੇ ਸ਼ੀਸ਼ਾ,
ਰਾਤ ਭਰ ਸੁਫ਼ਨੇ 'ਚ ਉਸ ਪੱਥਰ ਹੀ ਪੱਥਰ ਵੇਖਣੇ ਨੇ।

ਬਰਫ਼ ਦਾ ਬੁਤ ਹੋ ਗਿਆ ਹਾਂ ਧਰ ਲਿਆ ਹੈ ਸਿਰ 'ਤੇ ਸੂਰਜ,
ਮੈਂ ਪਿਘਲ ਕੇ ਤੇਰੀਆਂ ਤੇਹਾਂ ਦੇ ਤੇਵਰ ਵੇਖਣੇ ਨੇ।

ਮੇਰਿਆਂ ਖੰਭਾਂ ਨੂੰ ਜੁੰਬਿਸ਼ ਦੇ ਜ਼ਰਾ ਮਹਿਬੂਬ ਮੇਰੇ,
ਫੈਲਰੇ ਕਿੱਥੋਂ ਕੁ ਤੀਕਰ ਮੈਂ ਇਹ ਅੰਬਰ ਵੇਖਣੇ ਨੇ।

□

ਸਾਰੀ ਉਮਰ ਗਵਾਈ ਰਿਸ਼ਤੇ ਜੋੜਦਿਆਂ ਕੁਝ ਥਾਂਵਾਂ ਨਾਲ਼।
ਜਿਸਮ ਵਰੋਲਾ ਬਣ ਕੇ ਉੱਡਣਾ ਆਖ਼ਰਕਾਰ ਹਵਾਵਾਂ ਨਾਲ਼।

ਅਣਦਿਸਦਾ ਇਕ ਡਰ ਹੈ ਸਭ ਨੂੰ ਅਪਣੀ ਹੋਂਦ ਗੁਆਚਣ ਦਾ,
ਘਰ ਤੋਂ ਹੀ ਤੁਰਦੇ ਨੇ ਲੋਕੀਂ ਲੈ ਆਪਣਾ ਸਿਰਨਾਵਾਂ ਨਾਲ਼।

ਧੋ ਕੇ ਮੈਲ ਗੁਨਾਹਾਂ ਦੀ ਪੱਤਣਾਂ ਤੋਂ ਲੋਕੀਂ ਮੁੜ ਜਾਂਦੇ,
ਬਾਝ ਮਲਾਹਾਂ ਕੌਣ ਨਿਭਾਵੇ ਦੋਸਤੀਆਂ ਦਰਿਆਵਾਂ ਨਾਲ਼।

ਵਰ੍ਹਿਆਂ ਦੇ ਗਜ਼ ਕੋਹਾਂ ਤੀਕਰ ਤੇਹਾਂ ਨੂੰ ਕੀ ਮਾਪਣਗੇ,
ਮਿਣਦੇ ਹਾਂ ਹੁਣ ਉਮਰਾਂ ਸਿਰ ਤੋਂ ਲੰਘੀਆਂ ਧੁੱਪਾਂ ਛਾਂਵਾਂ ਨਾਲ਼।

ਓਦਰੀਆਂ ਦਹਿਲੀਜ਼ਾਂ, ਸੁੰਨਾ ਵਿਹੜਾ, ਕੰਧਾਂ ਡੋਲਦੀਆਂ,
ਘਰ ਹੁਣ ਮੈਨੂੰ ਘਰ ਨਈਂ ਲਗਦਾ ਘਰ ਹੁੰਦੇ ਨੇ ਮਾਂਵਾਂ ਨਾਲ਼।

ਟੁੱਟਿਆ ਤਾਰਾ, ਅੱਥਰੂ ਖਾਰਾ ਤੇ ਅੰਗਿਆਰਾ ਆਖਦੀਆਂ,
ਪੌਣਾਂ ਹੋਰ ਬੁਲਾਉਣੈ ਮੈਨੂੰ ਕਿਹੜੇ ਕਿਹੜੇ ਨਾਂਵਾਂ ਨਾਲ਼।

□

ਇਸ ਤਰ੍ਹਾਂ ਮੇਰੇ ਲਹੂ ਵਿਚ ਦਰਦ ਸ਼ਾਮਿਲ ਹੋ ਗਿਆ।
ਜਿਸਮ ਮੇਰਾ ਸਿਰ ਤੋਂ ਪੈਰਾਂ ਤੀਕ ਹੀ ਦਿਲ ਹੋ ਗਿਆ।

ਚੰਨ ਤਾਰੇ ਭਟਕਦੇ ਪੱਥਰ ਹੀ ਸਨ ਤੇਰੇ ਬਿਨਾਂ,
ਤੂੰ ਉਦੈ ਹੋਇਆ ਮੇਰਾ ਅਸਮਾਨ ਝਿਲਮਿਲ ਹੋ ਗਿਆ।

ਡਰ ਗਿਆ ਜੰਗਲ ਤੇ ਰੁਕਿਆ ਨਾਚ ਬਿਰਖਾਂ ਦਾ ਜਦੋਂ,
ਉਡਦਾ ਪੱਤਾ ਪੌਣ ਦੇ ਪੈਰਾਂ 'ਚ ਪਾਇਲ ਹੋ ਗਿਆ।

ਉੱਠ ਕੇ ਸੁਪਨੇ 'ਚੋਂ ਥੋੜ੍ਹਾ ਰੋ ਲਏ ਤਾਂ ਫੇਰ ਕੀ,
ਰਾਤ ਵੀ ਕੱਟੀ ਗਈ ਮੋਇਆਂ ਨੂੰ ਵੀ ਮਿਲ ਹੋ ਗਿਆ।

ਜਦ ਮੈਂ ਰੇਗਿਸਤਾਨ ਸਾਂ ਤਾਂ ਇਕ ਨਦੀ ਦੀ ਭਾਲ ਸੀ,
ਹੁਣ ਮੈਂ ਖੁਰਦਾ ਜਾ ਰਿਹਾਂ ਜਦ ਤੋਂ ਹਾਂ ਸਾਹਿਲ ਹੋ ਗਿਆ।

□

ਬਸ ਰੇਤ ਹੀ ਰੇਤ ਉਡ਼ੇ ਹਰ ਟੁਟਦੇ ਸਿਤਾਰੇ ਦੀ।
ਫਿਰ ਵੀ ਮੈਂ ਤਲਾਸ਼ ਕਰਾਂ ਧੁਰ ਤਕ ਲਿਸ਼ਕਾਰੇ ਦੀ।

ਕੱਸੀ ਤਾਂ ਮੁਰੱਬਿਆਂ ਦੇ ਖਾਲਾਂ 'ਚ ਗੁਆਚ ਗਈ,
ਮਿਟਣੀ ਹੈ ਪਿਆਸ ਕਦੋਂ ਕੰਨੀ ਦੇ ਕਿਆਰੇ ਦੀ।

ਧੂੰਏਂ ਵਿਚ ਲਿਪਟ ਗਏ ਚਾਅ ਝੰਗ ਸਿਆਲਾਂ ਦੇ,
ਅੱਗ ਦਾ ਅਨੁਵਾਦ ਕਰੇ 'ਵਾ ਤਖ਼ਤ ਹਜ਼ਾਰੇ ਦੀ।

ਦੋ ਦਿਨ ਦੀ ਖੁਸ਼ੀ ਮਗਰੋਂ ਨੂੜਨਗੇ ਬਦਨ ਤੇਰਾ,
ਗੋਟਾ ਇਹ ਦੁਪੱਟੇ ਦਾ ਇਹ ਲੌਣ ਗਰਾਰੇ ਦੀ।

ਇਕ ਰੋਜ਼ ਤੂੰ ਉਖੜੇਂਗੀ ਡਿੱਗੇਂਗੀ ਮੇਰੇ ਨੇੜੇ,
ਮੈਂ ਨੀਂਹ ਦਾ ਪੱਥਰ ਹਾਂ ਤੂੰ ਇੱਟ ਚੁਬਾਰੇ ਦੀ।

ਪਹਿਨੇਗੀ ਗ਼ਜ਼ਲ ਮੇਰੀ ਮਲਮਲ ਦਾ ਲਿਬਾਸ ਕਦੋਂ,
ਸ਼ਿਅਰਾਂ ਨੂੰ ਅਜੇ ਲੜਦੀ ਹੈ ਕੰਡ ਗੁਆਰੇ ਦੀ।

□

ਇਸ ਕਦਰ ਸੀ ਹੇਰਵੇ ਮਾਰੀ ਹੋਈ ਝੱਲੀ ਨਦੀ।
ਛਾਲ ਮੈਂ ਮਾਰੀ ਸੀ ਪਰ ਮੇਰੇ 'ਚ ਡੁੱਬ ਚੱਲੀ ਨਦੀ।

ਜ਼ਿੰਦਗੀ ਸਦੀਆਂ ਤੋਂ ਊਣੀ ਏਸ ਤੋਂ ਭਰਨੀ ਨਹੀਂ,
ਰੂਹ ਵਿਚ ਖੱਡਾਂ ਹਜ਼ਾਰਾਂ ਪੇਸ਼ ਹੈ ਕੱਲੀ ਨਦੀ।

ਉਹ ਵੀ ਨੇ ਜੋ ਅੱਥਰੂ ਬਾਜ਼ਾਰ ਵਿਚ ਨੇ ਵੇਚਦੇ,
ਉਹ ਵੀ ਨੇ ਜਿੰਨ੍ਹਾਂ ਨੇ ਪਲਕਾਂ ਹੇਠ ਹੈ ਠੱਲ੍ਹੀ ਨਦੀ।

ਪਰਤਿਆ ਰਾਹੀ ਪਿਆਸਾ ਪੂੰਝਦਾ ਹੋਇਆ ਲਹੂ,
ਸਰਕੜੇ ਕਾਹੀ ਨੇ ਕੋਹਾਂ ਤੀਕ ਹੈ ਮੱਲੀ ਨਦੀ।

ਕਾਗਜ਼ੀ ਕਿਸ਼ਤੀ ਮੈਂ ਇਸ ਵਿਚ ਠੇਲ੍ਹ ਬੈਠਾ ਇਕ ਦਫ਼ਾ,
ਮੇਰਿਆਂ ਖ਼ਾਬਾਂ 'ਚ ਹੁਣ ਪਾਉਂਦੀ ਹੈ ਤਰਥੱਲੀ ਨਦੀ।

ਹਾਇ ਮੈਨੂੰ ਕਿਸ ਤਰ੍ਹਾਂ ਦੀ ਜੰਗ ਲਿਖਣੀ ਪੈ ਗਈ,
ਇਕ ਤਰਫ਼ ਥਲ ਦੀ ਹਕੂਮਤ ਇਕ ਤਰਫ਼ ਕੱਲੀ ਨਦੀ।

□

ਅਸੀਂ ਅਪਣੀ ਸ਼ਨਾਖ਼ਤ ਭੀੜ ਦੇ ਅੰਦਰ ਗੁਆ ਆਏ।
ਚਲੋ ਚੰਗਾ ਈ ਹੋਇਆ ਸੌ ਤਰ੍ਹਾਂ ਦੇ ਡਰ ਗੁਆ ਆਏ।

ਸਫ਼ਰ ਕਿੰਨਾ ਵਚਿੱਤਰ ਸੀ ਕਿ ਜਿਸ 'ਤੇ ਚਲਦਿਆਂ ਹੋਇਆਂ,
ਮੁਸਾਫ਼ਿਰ ਪੈਰ ਭੁੱਲ ਆਏ ਪਰਿੰਦੇ ਪਰ ਗੁਆ ਆਏ।

ਰਗ਼ਾਂ ਵਿਚ ਰਾਤ ਕਾਲੀ ਜ਼ਹਿਰ ਬਣ ਕੇ ਸਰਕਦੀ ਜਾਂਦੀ,
ਚਿਰਾਗ਼ਾਂ ਵਾਂਗ ਜਗਦੇ ਮਾਂਦਰੀ ਮੰਤਰ ਗੁਆ ਆਏ।

ਲਤੀਫ਼ੇ ਸੁਣ ਨਹੀਂ ਹਸਦੇ ਨਾ ਰੋਂਦੇ ਮਰਸੀਏ ਸੁਣ ਕੇ,
ਪਤਾ ਨਈਂ ਲੋਕ ਹੁਣ ਸੰਵੇਦਨਾ ਕਿੱਧਰ ਗੁਆ ਆਏ।

ਤੁਸੀਂ ਜਾਓਗੇ ਕਿੱਥੇ ਜੇ ਦਿਸ਼ਾਵਾਂ ਲਾਪਤਾ ਰਹੀਆਂ,
ਭਲਾ ਪਰਵਾਜ਼ ਦੇ ਕੀ ਅਰਥ ਜੇ ਅੰਬਰ ਗੁਆ ਆਏ।

ਕਿਵੇਂ ਬੀਜੋਗੇ ਮੋਹ ਦੇ ਹਰਫ਼ ਹੁਣ ਬੰਜਰ ਦਿਲਾਂ ਅੰਦਰ,
ਤੁਸੀਂ ਵਾਧੂ ਦੀਆਂ ਬਹਿਸਾਂ 'ਚ ਹੀ ਵੱਤਰ ਗੁਆ ਆਏ।

ਸਿਰਾਂ 'ਤੇ ਕਿਸ਼ਤੀਆਂ ਧਰ ਕੇ ਮਲਾਹਾਂ ਨੂੰ ਪਿਆ ਮੁੜਨਾ,
ਗਏ ਸੀ ਟਾਪੂਆਂ ਦੀ ਭਾਲ ਵਿਚ, ਸਾਗਰ ਗੁਆ ਆਏ।

ਸਫ਼ਰ ਵਿਚ ਥੱਕਣਾ ਮਿਹਣਾ ਨਹੀਂ ਹੈ
ਚਲੋ ਥੋੜ੍ਹਾ ਜਿਹਾ ਆਰਾਮ ਹੋਵੇ।
ਜ਼ਰੂਰੀ ਹੈ ਕਿ ਮੁੜ ਚੱਲਣ ਤੋਂ ਪਹਿਲਾਂ
ਟਰੈਫ਼ਿਕ ਨੇਰ੍ਹੀਆਂ ਦਾ ਜਾਮ ਹੋਵੇ।

ਬੜੀ 'ਰੌਣਕ' ਹੈ ਇਸ ਬਾਜ਼ਾਰ ਅੰਦਰ
ਮਸੀਹੇ ਖ਼ੁਦ ਸਲੀਬਾਂ ਵੇਚਦੇ ਨੇ,
ਕਿਵੇਂ ਮਾਹੌਲ ਨਾ ਹੋਵੇ ਕਲੰਕੀ
ਕਿਵੇਂ ਨਾ ਸ਼ਹਿਰ ਇਹ ਬਦਨਾਮ ਹੋਵੇ।

ਮੈਂ ਹਰ ਸਿੱਪੀ 'ਚ ਮੋਤੀ ਲੋਚਦਾ ਹਾਂ
ਮੈਂ ਹਰ ਜ਼ੱਰੇ 'ਚ ਹਰਕਤ ਸੋਚਦਾ ਹਾਂ,
ਨਾ ਤੇਰੇ ਵਾਂਗ ਕੋਈ ਖ਼ਾਸ ਹੋਵੇ
ਨਾ ਮੇਰੇ ਵਾਂਗ ਕੋਈ ਆਮ ਹੋਵੇ।

ਹਵਾਓ ਨੀ ਤੁਸੀਂ ਸੱਨਾਟਿਆਂ 'ਚੋਂ
ਲਿਜਾਓ ਓਸ ਥਾਂ ਮੈਨੂੰ ਕਿ ਜਿੱਥੇ,
ਬੁਲਾਉਂਦੀ ਰਾਤ ਹੋਵੇ ਤਾਰਿਆਂ ਨੂੰ
ਜਗਾਉਂਦੀ ਦੀਵਿਆਂ ਨੂੰ ਸ਼ਾਮ ਹੋਵੇ।

ਜਦੋਂ ਪੌਣਾਂ ਵਗਣ ਤੋਂ ਡਰਦੀਆਂ ਨੇ
ਅਤੇ ਨਦੀਆਂ ਪਹਾੜੀਂ ਚੜ੍ਹਦੀਆਂ ਨੇ,
ਉਦੋਂ ਵੀ ਸ਼ਹਿਰ ਸੌਂ ਜਾਂਦਾ ਹੈ ਸਹਿਜੇ
ਮੇਰੇ ਹੀ ਮਨ 'ਚ ਕਿਉਂ ਕੁਹਰਾਮ ਹੋਵੇ।

ਕਦੇ ਵੀ ਖੁੱਲ੍ਹ ਕੇ ਉੱਡਿਆ ਨਹੀਂ ਹਾਂ
ਮੈਂ ਏਸੇ ਡਰ 'ਚ ਅੱਧਾ ਰਹਿ ਗਿਆ ਹਾਂ,
ਕਿ ਮੇਰੀ ਰੂਹ 'ਤੇ ਨਾ ਕੋਈ ਦਾਗ਼ ਹੋਵੇ
ਨਾ ਮੇਰੀ ਕਲਮ 'ਤੇ ਇਲਜ਼ਾਮ ਹੋਵੇ।

□

ਉਦਾਸ ਨਗ਼ਮਾ ਹੈ ਪੇਸ਼ ਮੇਰੇ
ਤੇ ਮੈਥੋਂ ਸਰਗਮ ਨਾ ਠੀਕ ਹੁੰਦੀ।
ਅਲਾਪ ਮੇਰਾ ਜਗਾਉਂਦਾ ਦੀਵੇ
ਜੇ ਕਿਧਰੇ ਮੇਰੀ ਉਡੀਕ ਹੁੰਦੀ।

ਅਜੀਬ ਹਾਲਤ ਹੈ ਮੇਰੀ ਯਾਰੋ
ਬਗ਼ੈਰ ਜ਼ਖ਼ਮਾਂ ਦੇ ਮੇਰੇ ਕੋਲੋਂ,
ਨਾ ਕੋਈ ਪੱਥਰ ਤਰਾਸ਼ ਹੁੰਦਾ
ਨਾ ਕੋਈ ਸੂਰਤ ਉਲੀਕ ਹੁੰਦੀ।

ਮੈਂ ਆਤਮਾ ਤੇ ਬਦਨ ਵਿਚਾਲੇ
ਸੁਗੰਧ ਦਾ ਪੁਲ ਉਸਾਰ ਲੈਂਦਾ,
ਜੇ ਮੇਰੇ ਮਹਿਕਣ ਦੇ ਜਸ਼ਨ ਅੰਦਰ
ਉਹ ਬਣਕੇ ਤਿਤਲੀ ਸ਼ਰੀਕ ਹੁੰਦੀ।

ਹਜ਼ਾਰ ਸਫ਼ਿਆਂ 'ਤੇ ਲਿਖ ਨਾ ਹੁੰਦੀ
ਜੋ ਪੀੜ ਉਠਦੀ ਹੈ ਕਾਲਜੇ 'ਚੋਂ,
ਪਹਾੜ ਤੋਂ ਇਹ ਵਿਸ਼ਾਲ ਹੁੰਦੀ
ਇਹ ਵਾਲ ਤੋਂ ਵੀ ਬਰੀਕ ਹੁੰਦੀ।

ਬੁਲਾਉਂਦਾ ਨਾ ਜੇ ਮੈਂ ਕੋਲ ਅਪਣੇ
ਜਵਾਨ ਤਾਰੇ ਰਕਾਨ ਰਿਸ਼ਮਾਂ,
ਇਹ ਰਾਤ ਲੰਮੀ ਵਿਗ਼ੋਚਿਆਂ ਦੀ
ਤਾਂ ਖ਼ਬਰੇ ਕਿੱਥੋਂ ਕੁ ਤੀਕ ਹੁੰਦੀ।

ਮੈਂ ਤੰਗ ਆ ਕੇ ਡਰਾਉਣੀ ਚੁਪ ਤੋਂ
ਇਹ ਸਾਫ਼ ਪਾਣੀ ਗੰਧਾਲਦਾ ਹਾਂ,
ਖੜੋਤ ਕਿਸ ਤੋਂ ਸਹਾਰ ਹੁੰਦੀ
ਇਹ ਮੌਤ ਤੋਂ ਵੀ ਵਧੀਕ ਹੁੰਦੀ।

□

ਕਿਵੇਂ ਮਾਸੂਮ ਦੀਵੇ ਰਹਿਣਗੇ ਜਗਦੇ ਘਰਾਂ ਅੰਦਰ।
ਹਵਾ ਬਾਜ਼ਾਰ ਦੀ ਹੈ ਸ਼ੂਕਦੀ ਫਿਰਦੀ ਗਰਾਂ ਅੰਦਰ।

ਦਰਾਂ ਨੂੰ ਬੰਦ ਕਰਨਾ ਠੀਕ ਨਈਂ ਪੌਣਾਂ ਤਾਂ ਪੌਣਾਂ ਨੇ,
ਇਨ੍ਹਾਂ ਨੇ ਆ ਹੀ ਜਾਣੈਂ ਇਸ ਤਰ੍ਹਾਂ ਜਾਂ ਉਸ ਤਰ੍ਹਾਂ ਅੰਦਰ।

ਬੜਾ ਔਖੈ ਲੁਕੋਣਾ ਅੱਖੀਆਂ ਵਿਚ ਰੰਗ ਕੋਈ ਵੀ,
ਬੜਾ ਸੌਖੈ ਲੁਕੋਣਾ ਚਿਹਰਿਆਂ ਨੂੰ ਮਫ਼ਲਰਾਂ ਅੰਦਰ।

ਕਦੋਂ ਹੈ ਚੈਨ ਮਿਲਦਾ ਦਿਲ 'ਚੋਂ ਕੱਢ ਕੇ ਤੀਰ ਯਾਦਾਂ ਦੇ,
ਬੜਾ ਦੁੱਖ ਦਿੰਦੀਆਂ ਰਹਿ ਜਾਂਦੀਆਂ ਜੋ ਛਿਲਤਰਾਂ ਅੰਦਰ।

ਕਦੇ ਮੈਂ ਇਉਂ ਵੀ ਉਡਦਾ ਹਾਂ ਰਹੇ ਨਾ ਯਾਦ ਏਨਾ ਵੀ,
ਕਿ ਅੰਬਰ ਨੇ ਮੇਰੇ ਅੰਦਰ ਜਾਂ ਮੈਂ ਹਾਂ ਅੰਬਰਾਂ ਅੰਦਰ।

ਹਨ੍ਹੇਰਾ ਰਾਤ ਦਾ ਮਹਿਮਾਨ ਹੈ ਏਨਾ ਬੁਰਾ ਵੀ ਨਈਂ,
ਬੁਰਾ ਹੈ ਸਿਰਫ਼ ਇਸ ਦਾ ਬੈਠ ਜਾਣਾ ਆਂਦਰਾਂ ਅੰਦਰ।

□

ਜੇ ਦੂਰੋਂ ਆ ਰਹੀ ਹਰ ਲਹਿਰ ਤੋਂ ਡਰਦੇ ਰਹੋਗੇ।
ਬਿਨਾਂ ਡੁੱਬਿਆਂ ਯਕੀਨਨ ਹੀ ਤੁਸੀਂ ਮਰਦੇ ਰਹੋਗੇ।

ਕਿਸੇ ਹੱਦ ਤੀਕ ਹੀ ਵਿਸਥਾਰ ਕਰ ਸਕਦੇ ਹੋ ਅਪਣਾ,
ਗ਼ੁਬਾਰੇ ਵਿਚ ਕਦੋਂ ਤੀਕਰ ਹਵਾ ਭਰਦੇ ਰਹੋਗੇ।

ਕਿਤੇ ਵੀ ਤਲ ਨਹੀਂ ਹੈ ਜ਼ਿੰਦਗੀ ਦੇ ਪਾਣੀਆਂ ਦਾ,
ਤੁਸੀਂ ਕਿੰਨਾ ਕੁ ਡੂੰਘਾ ਇਸ 'ਚ ਉੱਤਰਦੇ ਰਹੋਗੇ।

ਪੜ੍ਹੋਗੇ ਕਿਸ ਤਰ੍ਹਾਂ ਇਕ ਕਿਰਨ ਦੇ ਰੰਗਾਂ ਦੀ ਭਾਸ਼ਾ,
ਜੇ ਉਸਦੀ ਲਿਸ਼ਕ ਦਾ ਹੀ ਤਰਜਮਾ ਕਰਦੇ ਰਹੋਗੇ।

ਤੁਹਾਡੇ ਸਾਹਮਣੇ ਹੀ ਸ਼ਹਿਰ ਇਹ ਸੜਦਾ ਰਹੇਗਾ,
ਤੁਸੀਂ ਪਾਣੀ ਦੀਆਂ ਪਿਚਕਾਰੀਆਂ ਭਰਦੇ ਰਹੋਗੇ।

ਸਿਰਾਂ ਦੇ ਉਲਟ ਭੁਗਤਣਗੇ ਤੁਹਾਡੇ ਪੈਰ ਅਪਣੇ,
ਜੇ ਇਉਂ ਹੀ ਰਸਤਿਆਂ ਦੇ ਨਾਂ ਕੁਨਾਂ ਧਰਦੇ ਰਹੋਗੇ।

□

ਇਹ ਤਾਂ ਹੈ ਉਡਦੇ ਕਰੰਗਾਂ ਵਾਸਤੇ।
ਹੋਰ ਅੰਬਰ ਦੇ ਪਤੰਗਾਂ ਵਾਸਤੇ।

ਜ਼ਖ਼ਮ, ਛਾਲੇ, ਡੰਗ, ਲਾਟਾਂ ਪੀਲੀਆਂ,
ਕੈਸੀਆਂ ਟੂੰਮਾਂ ਨੇ ਅੰਗਾਂ ਵਾਸਤੇ।

ਝੀਲ ਸੁੱਤੀ ਹੈ ਤਾਂ ਪੱਥਰ ਨਾ ਉਛਾਲ,
ਫੁਲ ਹੀ ਕਾਫ਼ੀ ਹੈ ਤਰੰਗਾਂ ਵਾਸਤੇ।

ਦੇਰ ਤੋਂ ਇਕ ਜੰਗ ਹਾਂ ਲੜਦਾ ਪਿਆ,
ਤੇਰੀਆਂ ਬਾਹਾਂ 'ਚ ਵੰਗਾਂ ਵਾਸਤੇ।

ਕੱਚ ਦੇ ਟੋਟੇ 'ਚੋਂ ਪੈਂਦੈ ਲੰਘਣਾ,
ਧੁੱਪ ਨੂੰ ਅਪਣੇ ਹੀ ਰੰਗਾਂ ਵਾਸਤੇ।

ਇਹ ਮੇਰੇ ਹਰਫ਼ਾਂ ਦੇ ਜੁਗਨੂੰ ਸਾਂਭ ਲੈ,
ਦਿਲ ਦੀਆਂ ਸੁੰਨੀਆਂ ਸੁਰੰਗਾਂ ਵਾਸਤੇ।

□

ਦੇਰ ਤੋਂ ਖ਼ਾਮੋਸ਼ ਹੈ ਜੰਗਲ ਬਈ।
ਦੇ ਹਵਾਵਾਂ ਨੂੰ ਜ਼ਰਾ ਹਲਚਲ ਬਈ।

ਚੱਲ ਹੁਣ ਮੌਸਮ ਦੇ ਤੇਵਰ ਦੇਖੀਏ,
ਬੰਦ ਕਰ ਇਹ ਪੁਸਤਕਾਂ ਕੁਝ ਪਲ ਬਈ।

ਇਸ ਨਦੀ ਵਿਚਕਾਰ ਇਕ ਮੰਝਧਾਰ ਹੈ,
ਇਸ ਨਦੀ ਤੋਂ ਪਾਰ ਹੈ ਦਲਦਲ ਬਈ।

ਹੁਣ ਕੀ ਹੋ ਸਕਦੈ ਉਦੋਂ ਸੀ ਸੋਚਣਾ,
ਖਾਣ ਤੋਂ ਪਹਿਲਾਂ ਵਿਵਰਜਿਤ ਫਲ ਬਈ।

ਕੀ ਪਤੇ ਕਰਦਾ ਗੁਜ਼ਾਰਾ ਕਿਸ ਤਰ੍ਹਾਂ,
ਸਖ਼ਤ ਪੱਸਲੀਆਂ 'ਚ ਦਿਲ ਕੋਮਲ ਬਈ।

ਪਰਬਤਾਂ ਤੂੰ ਸਿਰ 'ਤੇ ਬਰਫ਼ਾਂ ਓੜ੍ਹੀਆਂ,
ਅੰਦਰੋਂ ਹੈਂ ਸੁਲਗਦਾ, ਕੀ ਗਲ ਬਈ।

ਜਾਂ ਤਾਂ ਦੀਵਾਰਾਂ ਹਟਾ ਦੇ ਸਾਰੀਆਂ,
ਜਾਂ ਇਨ੍ਹਾਂ ਗਲੀਆਂ 'ਚੋਂ ਨਿੱਕਲ ਚਲ ਬਈ।

□

ਰੁੱਸ ਕੇ ਰਾਹਾਂ ਨਾਲ਼ ਜੋ ਛਾਂ ਵਿਚ ਕੱਲੇ ਰਹਿ ਗਏ।
ਧੁੱਪ 'ਤੇ ਕਰਨੇ ਤਬਸਰੇ ਉਹਨਾਂ ਪੱਲੇ ਰਹਿ ਗਏ।

ਯੁੱਗ ਪਿਆਸੇ ਕੋਲ ਸੀ ਕੁੱਲ ਪੂੰਜੀ ਦੋ ਅੱਥਰੂ,
ਉਹ ਵੀ ਕੇਰੇ ਨਾ ਗਏ ਪਲਕੀਂ ਠੱਲ੍ਹੇ ਰਹਿ ਗਏ।

ਸਿਰਲੱਥਾਂ ਦੀ ਭੀੜ ਸੀ, ਮੋੜ ਕਸੂਤਾ ਆ ਗਿਆ,
ਸਿਆਣੇ ਸਿਆਣੇ ਮੁੜ ਗਏ ਝੱਲੇ ਝੱਲੇ ਰਹਿ ਗਏ।

ਸਾਨੂੰ ਪਈਆਂ ਪਾਉਣੀਆਂ ਥੋਹਰਾਂ ਨਾਲ਼ ਪਰੀਤੀਆਂ,
ਬੋਹੜਾਂ ਵਰਗੇ ਲੋਕ ਹੁਣ ਟਾਵੇਂ ਟੱਲੇ ਰਹਿ ਗਏ।

ਖੇਤ ਜੋ ਡਰਨਾ ਗੱਡਿਆ ਖ਼ੁਦ ਛੱਲੀਆਂ ਲੈ ਭੱਜਿਆ,
ਪਿੱਛੇ ਟਾਂਡੇ ਕੜਬ ਦੇ ਸਾਡੇ ਪੱਲੇ ਰਹਿ ਗਏ।

ਇਸ ਜੰਗਲ ਦੇ ਹੇਠਲੀ ਧਰਤੀ ਚੋਰੀ ਹੋ ਗਈ,
ਰੁੱਖ ਹਵਾ ਵਿਚ ਲਟਕਦੇ ਕੱਲਮ ਕੱਲੇ ਰਹਿ ਗਏ।

ਬੇਸ਼ੱਕ ਮੈਨੂੰ ਨੇਰ੍ਹੀਆਂ ਖੱਖੜੀ ਵਾਂਗ ਖਿਲਾਰਿਆ,
ਮੁੜ ਉੱਗਾਂਗਾ ਬੀਜ ਤਾਂ ਮਿੱਟੀ ਥੱਲੇ ਰਹਿ ਗਏ।

ਕੀ ਇਹ ਜ਼ਖ਼ਮ ਕੁਰੇਦਣੇ ਕੀ ਦੁੱਖਾਂ ਦਾ ਫੋਲਣਾ।
ਮਾਰੂਥਲ ਵਿਚ ਕਿਸ ਲਈ ਨੈਣੋਂ ਪਾਣੀ ਡੋਲ੍ਹਣਾ।

ਕੀ ਖੱਟਿਆ ਮੈਂ ਤੇਰਿਆਂ ਰਾਹਾਂ ਨਾਲ਼ ਵਿਗਾੜ ਕੇ,
ਸਿਖ਼ਰ ਦੁਪਹਿਰੇ ਪੈ ਗਿਆ ਤਪਦਾ ਰੇਤਾ ਤੋਲਣਾ।

ਖ਼ਾਬਾਂ ਵਿਚ ਪਰਛਾਂਵਿਆਂ ਪਿੱਛੇ ਰਹਿਣਾ ਦੌੜਦੇ,
ਦਿਨ ਭਰ ਸਾਇਆ ਆਪਣਾ ਪੈਰਾਂ ਹੇਠ ਮਧੋਲਣਾ।

ਅਣਦਿਸਦੇ ਨੂੰ ਦੇਖਣਾ ਬੇਸ਼ਕ ਬਹੁਤ ਆਸਾਨ ਸੀ,
ਸਾਨੂੰ ਹੀ ਭੁੱਲਿਆ ਰਿਹਾ ਤੀਜਾ ਨੇਤਰ ਖੋਲ੍ਹਣਾ।

ਕੀ ਹੋਇਆ ਇਹ ਸ਼ਬਦ ਜੇ ਮੇਰੇ ਨਾਲ਼ ਨਾਰਾਜ਼ ਨੇ,
ਮੈਨੂੰ ਵੀ ਹੁਣ ਆ ਗਿਆ ਖ਼ਾਮੋਸ਼ੀ ਵਿਚ ਬੋਲਣਾ।

□

ਧਰਤ ਨਾ ਆਕਾਸ਼ ਕਿਧਰੇ ਜਲ ਨਜ਼ਰ ਆਉਂਦਾ ਨਹੀਂ।
ਪੇਸ਼ ਹੈ ਦਲਦਲ ਕਿ ਜਿਸਦਾ ਤਲ ਨਜ਼ਰ ਆਉਂਦਾ ਨਹੀਂ।

ਸ਼ੀਸ਼ਿਆਂ ਵਿਚ ਚਿਹਰਿਆਂ ਦੀ ਪਰਤ ਇੱਕੋ ਹੀ ਦਿਸੇ,
ਸੁਲਗਦਾ ਅੱਖਾਂ 'ਚ ਜੋ ਜੰਗਲ ਨਜ਼ਰ ਆਉਂਦਾ ਨਹੀਂ।

ਜਿਸਮ ਦੇ ਜੁਗਰਾਫ਼ੀਏ ਵਿਚ ਕੈਦ ਬੰਦੇ ਨੂੰ ਕਦੇ,
ਰੂਹ ਦੁਆਲੇ ਲਿਪਟਿਆ ਸੰਗਲ ਨਜ਼ਰ ਆਉਂਦਾ ਨਹੀਂ।

ਲੋਕ ਢਕ ਲੈਂਦੇ ਨੇ ਮੈਲੇ ਮਨ ਦੀ ਮਿੱਟੀ ਇਸ ਕਦਰ,
ਰਿਸ਼ਤਿਆਂ ਵਿਚ ਉੱਗਿਆ ਖੱਬਲ ਨਜ਼ਰ ਆਉਂਦਾ ਨਹੀਂ।

ਦਸਤਖ਼ਤ ਪਲਕਾਂ 'ਤੇ ਹੀ ਕਰਕੇ ਪਿਛਾਂਹ ਮੁੜ ਜਾਂਦੀਆਂ,
ਬਾਰਸ਼ਾਂ ਨੂੰ ਮਨ ਦਾ ਮਾਰੂਥਲ ਨਜ਼ਰ ਆਉਂਦਾ ਨਹੀਂ।

ਸ਼ਹਿਰ ਦੀ ਆਬ-ਓ-ਹਵਾ ਇਤਰਾਜ਼ ਮੇਰੇ 'ਤੇ ਕਰੇ,
ਮੇਰੀਆਂ ਗੱਲਾਂ 'ਚ ਕਿਉਂ ਵਲ-ਛਲ ਨਜ਼ਰ ਆਉਂਦਾ ਨਹੀਂ।

□

ਲੋਅ ਗੁਆਚੇ ਤਾਰਿਆਂ ਦੀ ਯਾਦ ਕਰਵਾਉਂਦਾ ਹੈ ਰੋਜ਼।
ਘੁਸਮੁਸਾ ਆਥਣ ਦਾ ਕਿੰਨਾ ਦਰਦ ਲੈ ਆਉਂਦਾ ਹੈ ਰੋਜ਼।

ਰੋਜ਼ ਹੀ ਕਮਰੇ 'ਚ ਮੇਰੇ ਵਾਂਗ ਬੱਤੀ ਕੰਬਦੀ,
ਬਾਹਰ ਸੜਕਾਂ 'ਤੇ ਹਨ੍ਹੇਰਾ ਬਾਘੀਆਂ ਪਾਉਂਦਾ ਹੈ ਰੋਜ਼।

ਦਾਇਰੇ ਵਿਚ ਕੀ ਸਫ਼ਰ ਦੇ ਮਾਇਨੇ ਹੁੰਦੇ ਭਲਾ,
ਆਦਮੀ ਇੱਕ ਧੁਰੀ ਦੇ ਗਿਰਦ ਕਿਉਂ ਭਾਉਂਦਾ ਹੈ ਰੋਜ਼।

ਦਿਨ ਢਲੇ ਉਹਦੇ ਤੋਂ ਟੁਕੜੇ ਆਪਣੇ ਜੁੜਦੇ ਨਹੀਂ,
ਦਿਨ ਚੜ੍ਹੇ ਅਸਮਾਨ ਨੂੰ ਜੋ ਟਾਕੀਆਂ ਲਾਉਂਦਾ ਹੈ ਰੋਜ਼।

ਵਕਤ ਦਾ ਸਲਵਾਨ ਮੇਰੇ ਆਖ਼ਰੀ ਤਰਲੇ ਦੇ ਵੀ,
ਅੰਗ ਕਟਦਾ ਹੈ ਤੇ ਬੋੜੇ ਖੂਹ 'ਚ ਸੁੱਟ ਆਉਂਦਾ ਹੈ ਰੋਜ਼।

ਪੰਛੀਆਂ ਕੋਲੋਂ ਹੀ ਸੁਣੀਏ ਗੀਤ ਇਹ ਛਨਕਾਰ ਤਾਂ,
ਨ੍ਹੇਰ ਵੀ ਢੋਂਦਾ ਹੈ ਦੀਪਕ ਰਾਗ ਵੀ ਗਾਉਂਦਾ ਹੈ ਰੋਜ਼।

□

ਜਜ਼ੀਰਾ ਹਾਂ ਚੁਫ਼ੇਰੇ ਕੈਦ ਹੈ ਬਿਫ਼ਰੇ ਸਮੁੰਦਰ ਦੀ।
ਚਲੋ ਕੋਈ ਤਾਂ ਖਿੜਕੀ ਸਾਹਮਣੇ ਖੁੱਲ੍ਹੀ ਹੈ ਅੰਬਰ ਦੀ।

ਮੇਰੇ ਮਾਸੂਮ ਜਜ਼ਬੇ ਰੋਜ਼ ਇਸ ਅੰਦਰ ਚਿਣੇ ਜਾਂਦੇ,
ਮੇਰੇ ਸੀਨੇ 'ਚ ਨਿਤ ਸਰਹਿੰਦ ਦੀ ਦੀਵਾਰ ਉੱਸਰਦੀ।

ਜ਼ਹਿਨ ਦੇ ਆਲ੍ਹਣੇ ਵਿਚ ਦੇਰ ਤੋਂ ਜੋ ਫੜਫੜਾਉਂਦਾ ਹੈ,
ਜਗਾਉਂਦੀ ਰਾਤ ਭਰ ਮੈਨੂੰ ਗੁਟਰਗੂੰ ਉਸ ਕਬੂਤਰ ਦੀ।

ਘਰੋਂ ਤਾਂ ਤੁਰ ਪਿਆ ਸਾਂ ਮੈਂ ਵੀ ਬਣ  ਜਾਣਾ ਸੀ ਪੈਗ਼ੰਬਰ,
ਲਿਆਉਂਦੀ ਮੋੜ ਕੇ ਮੈਨੂੰ ਨਾ ਜੇ ਆਵਾਜ਼ ਝਾਂਜਰ ਦੀ।

ਘਟਾਵਾਂ  ਕਾਲੀਆਂ, ਨਦੀਆਂ, ਸਮੁੰਦਰ ਰੋਜ ਹੀ ਚਿਤਰੇ,
ਪਤਾ ਨਈਂ ਪਿਆਸ ਕਿੱਥੋਂ ਤੀਕ ਫੈਲੀ ਹੈ ਮੁਸੱਵਰ ਦੀ।

ਬਰੂਹਾਂ 'ਤੇ ਖ਼ੁਸ਼ੀ ਤੇ ਫ਼ਿਕਰ ਨਾਲ਼ੋਂ ਨਾਲ਼ ਆਉਂਦੇ ਨੇ,
ਜਦੋਂ ਗ਼ਮਲੇ ਦੇ ਵਿਚ  ਕੋਈ ਨਵੀਂ ਪੱਤੀ ਹੈ ਪੁੰਗਰਦੀ।

ਤੂੰ ਮੇਰੇ ਕੋਲ ਨਾ ਆਈਂ, ਇਹ ਸ਼ੀਸ਼ੇ ਦਾ ਬਦਨ ਲੈ ਕੇ,
ਤਿੜਕ ਜਾਏਂਗਾ ਸੁਣ ਕੇ ਚੀਖ਼ ਇਸ ਖ਼ਾਮੋਸ਼ ਖੰਡਰ ਦੀ।

ਘਰਾਂ ਦੇ ਰਾਜ਼ ਇਹ ਗਲੀਆਂ 'ਚ ਫਿਰ ਕੇ ਨਸ਼ਰ ਕਰ ਦੇਵੇ,
ਹਵਾ ਜਾਸੂਸ ਹੈ ਕੇਹੀ ਖ਼ਬਰ ਰਖਦੀ ਹੈ ਘਰ ਘਰ ਦੀ।

ਦਫ਼ਨ ਹੋ ਕੇ ਵੀ ਉਹ ਬੇਚੈਨ ਹੈ ਲੋਕਾਂ 'ਚ ਆ ਬਹਿੰਦੈ,
ਅਜੇ ਸੱਥਾਂ 'ਚ ਲਗਦੀ ਹਾਜ਼ਰੀ ਉਸ ਗ਼ੈਰਹਾਜ਼ਰ ਦੀ।

□

ਜਦ ਵੀ ਸ਼ਿਸ਼ਤ ਲਗਾ ਕੇ ਛੱਡਾਂ ਤੀਰ ਹਨ੍ਹੇਰੇ ਉੱਤੇ।
ਮੇਰਾ ਰਹਿਬਰ ਵਾਰ ਕਰੇ ਅੰਗੂਠੇ ਮੇਰੇ ਉੱਤੇ।

ਠੱਲ੍ਹ ਲਵਾਂ ਹਰ ਵਾਰੀ ਤੇਰੇ ਮੋਹ ਦੀ ਥੰਮ੍ਹੀ ਦੇ ਕੇ,
ਖਿਸਕ ਰਿਹਾ ਅਸਮਾਨ ਜਦੋਂ ਵੀ ਡਿੱਗੇ ਮੇਰੇ ਉੱਤੇ।

ਕੌਣ ਉਹਨੂੰ ਸਮਝਾਵੇ ਹਸ਼ਰ ਉਡੀਕਾਂ ਦਾ ਕੀ ਹੁੰਦਾ,
ਰੋਜ਼ ਟਿਕਾਉਂਦੀ ਹੈ ਜੋ ਜਗਦਾ ਦੀਪ ਬਨੇਰੇ ਉੱਤੇ।

ਅੱਧੀ ਰਾਤੀਂ ਤੇਰੇ ਖ਼ਾਬਾਂ ਦੇ ਵਿਚ ਪੈਣ ਫੁਹਾਰਾਂ,
ਸਿਖ਼ਰ ਦੁਪਹਿਰੇ ਬਰਸਣਗੇ ਅੰਗਿਆਰੇ ਤੇਰੇ ਉੱਤੇ।

ਘਰ ਦੇ ਚੱਕਰਵਿਊ 'ਚੋਂ ਨਿੱਕਲ ਕੇ ਮੁਕਤੀ ਨਹੀਂ ਮਿਲਣੀ,
ਹੋਰ ਬੜੇ ਅਣਦਿਸਦੇ ਘੇਰੇ ਨੇ ਇਸ ਘੇਰੇ ਉੱਤੇ।

ਸੂਰਜ ਦੇ ਰਥ ਅੱਗੇ ਮੈਨੂੰ ਵੀ ਜੁੜਨਾ ਹੈ ਪੈਣਾ,
ਕਾਲੀ ਰਾਤ ਟਿਕਾ ਗਈ ਕਿੰਨਾ ਬੋਝ ਸਵੇਰੇ ਉੱਤੇ।

ਸੋਚਾਂ ਅੰਦਰ ਉਡਦੇ ਪਰਛਾਵੇਂ ਦੀ ਬੁੱਕਲ ਮਾਰ ਲਈ।
ਇਸ ਮੌਲਿਕ ਅੰਦਾਜ਼ 'ਚ ਆਪਾਂ ਸਿਖ਼ਰ ਦੁਪਹਿਰ ਗੁਜ਼ਾਰ ਲਈ।

ਖ਼ਾਬਾਂ ਦੀ ਕਿਸ਼ਤੀ ਮੈਂ ਜਿਸਦੇ ਨੈਣਾਂ ਵਿੱਚ ਉਤਾਰ ਲਈ।
ਉਮਰਾਂ ਤੱਕ ਤਰਸੇਵਾਂ ਰਹਿਣਾ ਉਸਦੇ ਪਰਲੇ ਪਾਰ ਲਈ।

ਜਿਸਮ ਦੇ ਰੇਗਿਸਤਾਨ ਤੋਂ ਲੈ ਕੇ ਰੂਹ ਦੇ ਮਾਨਸਰੋਵਰ ਤਕ,
ਕਿੱਥੇ ਕਿੱਥੇ ਭਟਕ ਰਿਹਾ ਹਾਂ ਮੈਂ ਤੇਰੇ ਦੀਦਾਰ ਲਈ।

ਤੇਰੀ ਰਗ਼ ਰਗ਼ ਵਿੱਚ ਪੁੜੇ ਨੇ ਕੰਡੇ ਸੌ ਜੰਜਾਲਾਂ ਦੇ,
ਫਿਰ ਕਿਉਂ ਕੈਕਟਸ ਲੈ ਆਇਐਂ ਤੂੰ ਵਿਹੜੇ ਦੇ ਸ਼ਿੰਗਾਰ ਲਈ।

ਇਸ ਮਸਰੂਫ਼ ਨਗਰ ਵਿਚ ਕੌਣ ਸੁਣੇਗਾ ਤੇਰੇ ਅਫ਼ਸਾਨੇ,
ਐਂਵੇਂ ਹੀ ਬਾਜ਼ਾਰ 'ਚ ਤੂੰ ਦੁੱਖਾਂ ਦੀ ਪੰਡ ਖਿਲਾਰ ਲਈ।

ਧੁੱਪਾਂ ਨਾਲ਼ ਲੜਾਂ ਤੇ ਵਾਦ-ਵਿਵਾਦ ਹਵਾਵਾਂ ਨਾਲ਼ ਕਰਾਂ,
ਦੱਸੋ ਕਿਸ ਮੌਸਮ ਨੇ ਮੇਰੀ ਤਰਲ ਹਯਾਤ ਡਕਾਰ ਲਈ।

□

ਕਲਸਾਂ ਸੰਗ ਰਚਾ ਲਵੀਂ ਫੇਰ ਕਦੇ ਸੰਵਾਦ।
ਪਹਿਲਾਂ ਸੁਣ ਕੁਝ ਭੁਰਦੀਆਂ ਕੰਧਾਂ ਦੀ ਫਰਿਆਦ।

ਰੱਖ ਪਰ੍ਹਾਂ ਲਿੱਸੇ ਜਿਹੇ ਹਮਦਰਦੀ ਦੇ ਬੋਲ,
ਤੇਰੇ ਤੋਂ ਹੋਣਾ ਨਹੀਂ ਹੰਝੂਆਂ ਦਾ ਅਨੁਵਾਦ।

ਤੇਹਾਂ ਉੱਤੇ ਵਰ੍ਹਨ ਦੀ ਏਹਨਾਂ ਤੋਂ ਸੀ ਆਸ,
ਰੂਹ ਦੇ ਛਾਲੇ ਬਣ ਗਏ ਮੇਰੇ ਸੁਹਜ ਸਵਾਦ।

ਤੂੰ ਤੂੰ ਮੈਂ ਮੈਂ ਕਰਦਿਆਂ ਸਿਰ 'ਤੇ ਆਇਆ ਕਾਲ,
ਅੱਧ ਵਿਚਾਲੇ ਰਹਿ ਗਿਆ ਸਾਰਾ ਵਾਦ-ਵਿਵਾਦ।

ਪਰਦੇਸੀ ਪੁੱਤ ਪੂੰਝਦੇ ਅੱਖਾਂ ਪੌਂਡਾਂ ਨਾਲ਼,
ਕਬਰਾਂ ਅੰਦਰ ਸੁੱਤੀਆਂ ਮਾਂਵਾਂ ਕਰਕੇ ਯਾਦ।

ਮੇਰੇ ਸੀਨੇ ਟੰਗਣੀ ਦੱਸ ਤੂੰ ਕਿਹੜੀ ਚੀਜ਼,
ਤੇਰੇ ਇਕ ਹੱਥ ਫੁੱਲ ਹੈ ਦੂਜੇ ਹੱਥ ਫੌਲਾਦ।

□

ਝੀਲਾਂ ਤੀਕਰ ਪਹੁੰਚਦਿਆਂ ਤੇਹਾਂ ਦੇ ਅਰਥ ਗੁਆਚ ਗਏ।
ਆਲ੍ਹਣਿਆਂ ਨੂੰ ਪਰਤੇ ਤਾਂ ਰੁੱਖਾਂ ਦੇ ਅਰਥ ਗੁਆਚ ਗਏ।

ਏਥੇ ਤਾਂ ਹਰ ਚਿਹਰੇ ਦੀ ਤਹਿ ਹੇਠਾਂ ਇਕ ਕੁਰਛੇਤਰ ਹੈ,
ਕੀ ਜਿੱਤਾਂ ਕੀ ਹਾਰਾਂ ਹੁਣ ਦੋਹਾਂ ਦੇ ਅਰਥ ਗੁਆਚ ਗਏ।

ਕੱਚੇ ਪੱਕੇ ਰੰਗ ਆਪਸ ਵਿਚ ਝਗੜ ਰਹੇ ਸਨ ਐਵੇਂ ਹੀ,
ਐਸੀ ਬਾਰਸ਼ ਆਈ ਸਭ ਰੰਗਾਂ ਦੇ ਅਰਥ ਗੁਆਚ ਗਏ।

ਮੇਰੀਆਂ ਨਮ ਅੱਖਾਂ ਤੋਂ ਲੈ ਕੇ ਤੇਰੇ ਦਿਲ ਦੀ ਸਰਦਲ ਤਕ,
ਰੇਤ ਵਿਛੀ ਸੀ ਏਨੀ ਕਿ ਹੰਝੂਆਂ ਦੇ ਅਰਥ ਗੁਆਚ ਗਏ।

ਜੰਗਲ ਛੱਡ ਇਕ ਪੰਛੀ ਸੋਨੇ ਦੇ ਪਿੰਜਰੇ ਵਿਚ ਜਾ ਬੈਠਾ,
ਚੂਰੀ ਖਾਂਦੇ ਹੀ ਉਸਦੇ ਖੰਭਾਂ ਦੇ ਅਰਥ ਗੁਆਚ ਗਏ।

ਚੰਗਾ ਸੀ ਜੇ ਚੁੱਪ ਦੀ ਭਾਸ਼ਾ ਵਿਚ ਦਿਲ ਦੀ ਗੱਲ ਕਹਿ ਲੈਂਦਾ,
ਮੂੰਹੋਂ ਬੋਲਣ ਸਾਰ ਮੇਰੇ ਸ਼ਬਦਾਂ ਦੇ ਅਰਥ ਗੁਆਚ ਗਏ।

□

ਦੂਰ ਦੇ ਰਾਹੀਆਂ ਨੂੰ ਕੀ ਭੁੱਖਾਂ ਅਤੇ ਕੀ ਨੀਂਦਰਾਂ।
ਚੱਲ ਬਈ ਮਰਦਾਨਿਆ ਹੁਣ ਚੱਲੀਏ ਅਗਲੇ ਗਰਾਂ।

ਪੈਰ ਇਕ ਪੁੱਟਿਆ ਤਾਂ ਭੁਰ ਗਈਆਂ ਪਤਾਸੇ ਵਾਂਗਰਾਂ।
ਕੀ ਪਤਾ ਸੀ ਏਨੀਆਂ ਕਮਜ਼ੋਰ ਨੇ ਇਹ ਠੂਕਰਾਂ।

ਮਿਲਣਗੇ ਕੁਝ 'ਖ਼ੂਬਸੂਰਤ' ਲੋਕ ਬਾਹਾਂ ਖੋਲ੍ਹ ਕੇ,
ਰੇਸ਼ਮੀ ਦਸਤਾਨਿਆਂ ਅੰਦਰ ਲੁਕੋ ਕੇ ਨਹੁੰਦਰਾਂ।

ਸੁਣ ਕੇ ਪੌਣਾਂ ਰੋਂਦੀਆਂ ਕੀ ਕੰਬਣਾ ਇਸ ਸ਼ਹਿਰ ਨੇ,
ਏਸ ਦਾ ਸੋਨੇ ਦਾ ਦਿਲ ਚਾਂਦੀ ਦੀਆਂ ਨੇ ਆਦਰਾਂ।

ਇਸ ਤਰ੍ਹਾਂ ਪਰਵਾਜ਼ ਦੀ ਚਾਹਤ ਪਰਾਂ ਵਿਚ ਮਚਲਦੀ,
ਬੀਜ ਅੰਦਰ ਬਿਰਖ ਦਾ ਸੁਪਨਾ ਮਚਲਦਾ ਜਿਸ ਤਰ੍ਹਾਂ।

□

ਆਪਾਂ ਤਾਂ ਬਸ ਆਪਣੇ ਦੁਖ ਸੁਖ ਸਹਿਜ ਸੁਭਾਅ ਹਾਂ ਫੋਲ ਰਹੇ।
ਕਿਉਂ ਪੌਣਾਂ ਵਿਚ ਹਲਚਲ ਹੋਵੇ ਕਿਉਂ ਸਿੰਘਾਸਨ ਡੋਲ ਰਹੇ।

ਕਿੱਥੋਂ ਚੱਲੇ, ਕਿੱਥੇ ਆਏ, ਕਿੱਥੇ ਜਾਣਾ, ਕਿਉਂ ਜਾਣਾ,
ਉਮਰਾਂ ਤੋਂ ਇਸ ਰਾਜ਼ ਦੀਆਂ ਪੇਚੀਦਗੀਆਂ ਹਾਂ ਖੋਲ੍ਹ ਰਹੇ।

ਜਿਸਦੇ ਕੋਲੋਂ ਆਪਣੀ ਹੋਂਦ ਕਰਾਉਣੀ ਹੈ ਤਸਦੀਕ ਅਸੀਂ,
ਹਾਲੇ ਤਕ ਹਾਂ ਓਸ ਅਦਾਲਤ ਦਾ ਦਰਵਾਜ਼ਾ ਟੋਲ ਰਹੇ।

ਅੰਦਰਲੇ ਦਰਿਆਵਾਂ ਨੂੰ ਫ਼ਿਕਰਾਂ ਦੀ ਰੇਤਾ ਪੀ ਜਾਂਦੀ,
ਲੰਮੀ ਔੜ ਸਮੇਂ ਨਾ ਅੱਥਰੂ ਤਕ ਵੀ ਬੰਦੇ ਕੋਲ ਰਹੇ।

ਬਾਹਰ ਹੀ ਰੁਕ ਜਾਓ ਕਿਰਨੋਂ ਅੰਦਰ ਤਾਂ ਵਿਦਵਾਨ ਅਜੇ,
ਚਾਨਣ ਦੀ ਪਰਿਭਾਸ਼ਾ ਲਭਦੇ ਬੈਠ ਕਿਤਾਬਾਂ ਫੋਲ ਰਹੇ।

ਮੇਰੇ ਮਨ ਦੀ ਗ਼ਰਦਿਸ਼ ਵਿਚ ਇਹ ਝੜ ਗਏ ਵਾਂਗ ਪਤੰਗਾਂ ਦੇ,
ਐਵੇਂ ਹੀ ਸੀ ਵਹਿਮ ਕਿ ਮੇਰੇ ਸ਼ਿਅਰ ਹਵਾਵਾਂ ਤੋਲ ਰਹੇ।

□

ਤੇਰਿਆਂ ਰਾਹਾਂ 'ਚ ਥਾਂ ਥਾਂ ਛਤਰੀਆਂ ਤਣੀਆਂ ਕਿਉਂ।
ਮੇਰੇ ਹਿੱਸੇ ਪਾਰਦਰਸ਼ੀ ਪੱਤਿਆਂ ਦੀ ਛਾਂ ਕਿਉਂ।

ਤੂੰ ਸਫ਼ੇ ਇਤਿਹਾਸ ਦੇ ਵਿੰਨ੍ਹੇ ਹੋਏ ਪੜ੍ਹ ਤਾਂ ਲਏ,
ਪਰ ਨਾ ਪਲਕਾਂ ਨਾਲ਼ ਚੁਗੀਆਂ ਏਸ 'ਚੋਂ ਸੂਲਾਂ ਕਿਉਂ।

ਝੁਲਸਣੋਂ ਡਰਦੇ ਪਰਿੰਦੇ ਉਡ ਗਏ, ਉਡਨਾ ਹੀ ਸੀ,
ਸੜਦੇ ਰੁੱਖਾਂ ਨਾਲ਼ ਫਿਰ ਵੀ ਲਿਪਟੀਆਂ ਵੇਲਾਂ ਕਿਉਂ।

ਮੈਂ ਤਾਂ ਏਨਾ ਹੀ ਕਿਹਾ ਸੀ ਸਾਜ਼ ਨੂੰ ਬਹੁਤਾ ਨਾ ਕਸ,
ਪਰ ਤੂੰ ਛਡ ਦਿੱਤੀਆਂ ਨੇ ਤਾਰਾਂ ਏਨੀਆਂ ਢਿਲੀਆਂ ਕਿਉਂ।

ਖ਼ਾਹਿਸ਼ਾਂ ਦੇ ਤੀਰ ਸਾਰੇ ਤੋੜ ਤਾਂ ਚੁੱਕਾ ਸਾਂ ਮੈਂ,
ਫੇਰ ਵੀ ਖ਼ਾਬਾਂ 'ਚ ਕਢਦੇ ਰਹਿਣ ਇਹ ਜੀਭਾਂ ਕਿਉਂ।

ਅਕਸ ਤਾਂ ਯਾਦਾਂ ਦੇ ਹੋ ਜਾਂਦੇ ਨੇ ਧੁੰਦਲੇ ਫੇਰ ਵੀ,
ਦੂਰ ਤਕ ਰਾਹੀ ਦਾ ਪਿੱਛਾ ਕਰਦੀਆਂ ਪੈੜਾਂ ਕਿਉਂ।

ਲੋਕ ਤਾਂ ਸੌਂ ਜਾਣ ਖ਼ਾਮੋਸ਼ੀ ਦੀ ਚਾਦਰ ਤਾਣ ਕੇ,
ਸੁਣਦੀਆਂ ਮੈਨੂੰ ਹੀ ਸਾਰੀ ਰਾਤ ਆਵਾਜ਼ਾਂ ਕਿਉਂ।

ਝੀਲ ਅਕਲਾਂ ਦੀ ਵੀ ਰੇਤਾ ਹੋ ਗਈ ਇਹ ਸੋਚ ਕੇ,
ਖ਼ੁਸ਼ਕ ਸੀ ਦਰਿਆ ਤਾਂ ਆਖ਼ਰ ਕਿਸ਼ਤੀਆਂ ਡੁਬੀਆਂ ਕਿਉਂ।

ਲੰਘੀਆਂ ਹਾਲੇ ਨਹੀਂ ਹਨ ਗਾਰਦਾਂ ਬਾਜਾਂ ਦੀਆਂ,
ਭੋਲਿਓ ਸ਼ਬਦੋ ਤੁਸੀਂ ਉਡਦੇ ਹੋ ਬਣ ਕੂੰਜਾਂ ਕਿਉਂ।

□

ਕਵੀ ਹਾਂ ਸਿਰਫ਼ ਏਹੋ ਹੀ ਕਸੂਰ ਹੈ ਮੇਰਾ,
ਕਿ ਅੱਧੀ ਰਾਤ ਨੂੰ ਹਰਫ਼ਾਂ ਨੂੰ ਤੰਗ ਕਰਦਾ ਹਾਂ।
ਫਜ਼ੂਲ ਦੋਸ਼ ਹੈ ਮੇਰੇ 'ਤੇ ਇਹ ਹਨ੍ਹੇਰੇ ਦਾ,
ਕਿ ਸਾਰੇ ਸ਼ਹਿਰ ਦੀ ਮੈਂ ਨੀਂਦ ਭੰਗ ਕਰਦਾ ਹਾਂ,

ਮੇਰੀ ਹੈ ਰੀਝ ਮਿਲੇ ਚੋਗ ਸਾਰੇ ਬੋਟਾਂ ਨੂੰ,
ਤੇ ਐਸੇ ਖੰਭ ਵੀ ਸਹਿ ਲੈਣ ਜਿਹੜੇ ਚੋਟਾਂ ਨੂੰ,
ਨਾ ਰਾਜ ਭਾਗ ਨਾ ਸ਼ੁਹਰਤ ਨਾ ਸੁਰਗ ਦਾ ਬੂਹਾ,
ਮੈਂ ਸਿਰਫ਼ ਛੋਟੀਆਂ ਚੀਜ਼ਾਂ ਦੀ ਮੰਗ ਕਰਦਾ ਹਾਂ।

ਇਹ ਗ਼ਰਦ ਝਾੜ ਕੇ ਹਉਮੈ ਦੀ ਅਪਣੀ ਕਾਇਆ ਤੋਂ,
ਬਚਾ ਕੇ ਆ ਗਿਆਂ ਪੱਲੂ ਹੁਸੀਨ ਮਾਇਆ ਤੋਂ,
ਰਗਾਂ 'ਚ ਜੰਮੀਆਂ ਬਰਫ਼ਾਂ ਨੂੰ ਤੋੜ ਕੇ ਯਾਰੋ,
ਮੈਂ ਅਪਣੀ ਹੋਂਦ ਨੂੰ ਪਤਲੀ ਪਤੰਗ ਕਰਦਾ ਹਾਂ।

ਪਹਾੜ ਯਾਰ ਨੇ ਮੇਰੇ ਤੇ ਝੀਲਾਂ ਮਾਂਵਾਂ ਨੇ,
ਭਰਾ ਨੇ ਬਿਰਖ ਤੇ ਭੈਣਾਂ ਇਹ ਠੰਢੀਆਂ ਛਾਂਵਾਂ ਨੇ,
ਸੁਗੰਧੀ ਪ੍ਰੇਮਿਕਾ ਮੇਰੀ ਤੇ ਫੁੱਲ ਬੱਚੇ ਨੇ,
ਮੈਂ ਕਿੰਨੇ ਪਿਆਰਿਆਂ ਜੀਆਂ ਦਾ ਸੰਗ ਕਰਦਾ ਹਾਂ।

ਕਿਸੇ ਵੀ ਸ਼ੂਕਦੇ ਦਰਿਆ 'ਤੇ ਪੁਲ ਨਾ ਹੋ ਸਕੀਆਂ,
ਮੇਰੇ ਹੀ ਹਾਲ 'ਤੇ ਗ਼ਜ਼ਲਾਂ ਨਾ ਹੱਸ ਨਾ ਰੋ ਸਕੀਆਂ,
ਇਨ੍ਹਾਂ 'ਚ ਮਹਿਕ ਹਾਲੇ ਤੀਕ ਭਰ ਨਹੀਂ ਸਕਿਆਂ,
ਮੈਂ ਐਵੇਂ ਕਾਗਜ਼ੀ ਫੁੱਲਾਂ ਨੂੰ ਰੰਗ ਕਰਦਾ ਹਾਂ।

□

ਸਮੁੰਦਰ ਵਿਚ ਵੀ ਨਾ ਇਹ ਜ਼ਿੰਦਗੀ ਲੰਮੀ ਸਜ਼ਾ ਹੁੰਦੀ।
ਜੇ ਮੇਰੇ ਬਾਦਬਾਨਾਂ ਵਿਚ ਮੇਰੇ ਘਰ ਦੀ ਹਵਾ ਹੁੰਦੀ।

ਤਸੱਵੁਰ ਵਿਚ ਮੈਂ ਇਹ ਕੇਹੋ ਜਿਹੀ ਮੂਰਤ ਬਣਾ ਬੈਠਾ,
ਨਾ ਇਸ ਵਿਚ ਰੰਗ ਭਰ ਹੁੰਦੇ ਨਾ ਇਹ ਦਿਲ ਤੋਂ ਮਿਟਾ ਹੁੰਦੀ।

ਸੁਰਾਂ ਵਿਚ ਸੇਕ ਹੈ ਤੇ ਬਰਫ਼ ਵਰਗੇ ਗੀਤ ਨੇ ਮੇਰੇ,
ਇਹ ਧੁਖਦੀ ਬੰਸਰੀ ਮੈਥੋਂ ਨਾ ਬੁੱਲ੍ਹਾਂ ਨੂੰ ਛੁਹਾ ਹੁੰਦੀ।

ਥਲਾਂ ਵਿਚ ਸਿਰ 'ਤੇ ਛਾਂ ਕਰਕੇ ਗੁਜ਼ਰ ਜਾਂਦੀ ਹੈ ਜੋ ਬੱਦਲੀ,
ਉਹ ਸਾਵੇ ਜੰਗਲਾਂ ਵਿਚ ਵੀ ਨਾ ਰਾਹੀ ਤੋਂ ਭੁਲਾ ਹੁੰਦੀ।

ਇਹ ਪਾਪਾਂ ਨਾਲ਼ ਭਾਰੀ ਹੋ ਗਈ ਚਲ ਹੱਥ ਪਾ ਲਈਏ,
ਇਕੱਲੇ ਧੌਲ ਕੋਲੋਂ ਹੁਣ ਨਹੀਂ ਧਰਤੀ ਉਠਾ ਹੁੰਦੀ।

ਅਸੀਂ ਤਾਂ ਸਿਰਫ਼ ਰੂਹਾਂ 'ਚੋਂ ਕਸ਼ੀਦੇ ਦਰਦ ਲਿਖਦੇ ਹਾਂ,
ਅਸੀਂ ਕੀ ਜਾਣੀਏ ਇਹ ਸ਼ਾਇਰੀ ਹੈ ਕੀ ਬਲਾ ਹੁੰਦੀ।

☐

ਮਾਤਮ, ਜੁਦਾਈ, ਚੀਖ਼, ਰੁਦਨ, ਸੇਕ, ਜ਼ਲਜ਼ਲੇ।
ਕਿਸ ਕਿਸ ਤਰ੍ਹਾਂ ਦੇ ਆ ਗਏ ਮਹਿਮਾਨ ਦਿਨ ਢਲੇ।

ਜੰਗਲ, ਉਦਾਸ ਰਾਤ, ਸਫ਼ਰ, ਗ਼ਮ ਤੇ ਉਸਦੀ ਯਾਦ,
ਸੋਚਾਂ 'ਚ ਆ ਕੇ ਲੁਕ ਗਏ ਇਹ ਸਭ ਅਛੋਪਲੇ।

ਜਜ਼ਬਾ, ਸਰੂਰ, ਜੋਸ਼, ਤੜਪ, ਸ਼ਬਦ, ਬੰਸਰੀ,
ਰਾਹਾਂ 'ਚ ਹੋਣ ਨਾਲ਼ ਤਾਂ ਮਿਟ ਜਾਣ ਫ਼ਾਸਲੇ।

ਮਗ਼ਰੂਰ ਪੌਣ, ਗ਼ਰਦ, ਘਟਾ, ਸਿਸਕਦੀ ਫਿਜ਼ਾ,
ਵਿਰਲਾਂ 'ਚੋਂ ਲੰਘ ਆਉਣ ਇਹ ਦੀਵਾ ਜਦੋਂ ਬਲੇ।

ਬਿਰਹਾ, ਉਡੀਕ, ਖ਼ੌਫ਼, ਘੁਟਨ, ਤਪਸ਼, ਬੇਬਸੀ,
ਪੀਂਦੇ ਨੇ ਕੀ ਕੀ ਜ਼ਹਿਰ ਮੇਰੇ ਮੀਤ ਰਾਂਗਲੇ।

ਬੱਦਲ, ਤਲਾਬ, ਝੀਲ, ਨਦੀ, ਛਾਲਿਆਂ ਦਾ ਜਲ,
ਮੋਇਆ ਜੁ ਥਲ 'ਚ ਓਸਦੇ ਸੀ ਸ਼ਬਦ ਅੰਤਲੇ।

□

ਬਾਹਰ ਕੇਵਲ ਚਾਰ ਨੇ ਮਨ ਵਿਚ ਕਈ ਹਜ਼ਾਰ ਦਿਸ਼ਾਵਾਂ।
ਦੱਸ ਭਲਾ ਹੁਣ ਤੇਰੇ ਤੀਕਰ ਕਿਹੜੇ ਰਾਹ ਮੈਂ ਆਵਾਂ।

ਮੈਂ ਜ਼ਿੱਦੀ ਧੁੱਪਾਂ ਵਿਚ ਖ਼ੁਦ ਨੂੰ ਵਾਰ ਵਾਰ ਸਮਝਾਵਾਂ।
ਜੀਣ ਲਈ ਹੈ ਕਾਫ਼ੀ ਉਡਦੀ ਤਿਤਲੀ ਦਾ ਪਰਛਾਵਾਂ।

ਮੋਹ ਦੇ ਫੁੱਲ, ਵਿਯੋਗ ਦੇ ਕੰਡੇ, ਇਕਲਾਪੇ ਦੇ ਪੱਤੇ,
ਮੇਰੇ ਅੰਦਰ ਝੂਮਦੀਆਂ ਕਿਸ ਬਿਰਖ ਦੀਆਂ ਸ਼ਾਖ਼ਾਵਾਂ।

ਤੂੰ ਵੀ ਮੇਰੇ ਵਾਂਗ ਜੇ ਥੋੜ੍ਹੀ ਆਸ ਬਚਾ ਕੇ ਰੱਖੇਂ,
ਸ਼ਾਇਦ ਭਲਕੇ ਮਿਲ ਹੀ ਜਾਣ ਸਮਾਨਅੰਤਰ ਰੇਖਾਵਾਂ।

ਬੱਸ ਦੀ ਟਿਕਟ ਦੇ ਪਿੱਛੇ ਲਿਖ ਕੇ ਸ਼ਿਅਰ ਸਲੀਬੀਂ ਟੰਗੇ,
ਜੇਬ 'ਚ ਪਾਈ ਫਿਰਦਾ ਹਾਂ ਮੈਂ ਕਿੰਨੀਆਂ ਦੁਰਘਟਨਾਵਾਂ।

□

ਕਦੇ ਪੈੜਾਂ 'ਤੇ ਹੁੰਦਾ ਸੀ ਬੜਾ ਹੀ ਮਾਣ ਰਾਹਾਂ ਨੂੰ।
ਤੇ ਹੁਣ ਪੈੜਾਂ ਸਣੇ ਰਾਹੀਆਂ ਦੇ ਹੀ ਖਾ ਜਾਣ ਰਾਹਾਂ ਨੂੰ।

ਮੇਰੇ ਬਸਤੇ 'ਚ ਤਾਂ ਸਿੱਧਾ ਜਿਹਾ ਨਕਸ਼ਾ ਸੀ ਮੰਜ਼ਿਲ ਦਾ,
ਤੇ ਮੇਰੇ ਪੈਰ ਮੈਨੂੰ ਲੈ ਤੁਰੇ ਅਣਜਾਣ ਰਾਹਾਂ ਨੂੰ।

ਤੁਸੀਂ ਕਿਸ ਮੋੜ 'ਤੇ ਲੈ ਆਏ ਹੋ ਮੈਨੂੰ ਕਿ ਏਥੇ ਤਾਂ,
ਨਾ ਰਾਹਾਂ ਦੀ ਹੀ ਮੈਨੂੰ ਨਾ ਮੇਰੀ ਪਹਿਚਾਣ ਰਾਹਾਂ ਨੂੰ।

ਘਰਾਂ ਦੀ ਹਰ ਨਿਗੂਣੀ ਸ਼ੈਅ 'ਚੋਂ ਹੀ ਮਿਲਿਆ, ਜਦੋਂ ਮਿਲਿਆ,
ਅਸੀਂ ਜਿਸ ਮੋਹ ਦੀ ਭਾਲ ਅੰਦਰ ਰਹੇ ਸਾਂ ਛਾਣ ਰਾਹਾਂ ਨੂੰ।

ਕਿਸੇ ਦੁਸ਼ਮਣ ਦੇ ਸੀਨੇ ਵਿਚ ਤਾਂ ਇਕ ਅੱਧਾ ਹੀ ਲਗਦਾ ਹੈ,
ਦਿਲਾਂ ਵਿਚ ਸਾਂਭਣੇ ਪੈਂਦੇ ਹਜ਼ਾਰਾਂ ਬਾਣ ਰਾਹਾਂ ਨੂੰ।

ਇਹ ਕੇਹੀ ਰਾਤ ਹੈ ਭੁੱਖਾ ਹਨ੍ਹੇਰਾ ਖਾ ਰਿਹੈ ਤਾਰੇ,
ਇਹ ਕੇਹੀ ਰੁੱਤ ਹੈ ਭੁੱਖੀਆਂ ਹਵਾਵਾਂ ਖਾਣ ਰਾਹਾਂ ਨੂੰ।

□

ਇਹੀ ਤਾਂ ਦੁੱਖ ਹੈ ਯਾਰੋ ਇਹੀ ਤਾਂ ਰੋਣਾ ਹੈ।
ਕਿ ਹੋ ਕੇ ਬੂੰਦ ਮੈਂ ਇਕ ਥਲ 'ਚੋਂ ਪਾਰ ਹੋਣਾ ਹੈ।

ਕਿਸੇ ਜ਼ਮੀਨ ਦੀ ਹਾਲੇ ਤਲਾਸ਼ ਹੈ ਮੈਨੂੰ,
ਹਵਾ ਦੇ ਫ਼ਰਸ਼ 'ਤੇ ਮੈਂ ਕਦ ਕੁ ਤਕ ਖਲੋਣਾ ਹੈ।

ਇਹ ਮੇਰੀ ਪਿਆਸ ਹੈ, ਇਹ ਤੂੰ ਹੈਂ, ਕੀ ਰਜ਼ਾ ਤੇਰੀ,
ਤੂੰ ਮੇਰੇ ਹੋਠਾਂ 'ਤੇ ਮਾਖਿਓਂ ਜਾਂ ਅੱਕ ਚੋਣਾ ਹੈ।

ਸਫ਼ੈਦ ਦਾਗ਼ ਹਜ਼ਾਰਾਂ ਨੇ ਮੇਰੇ ਦਾਮਨ 'ਤੇ,
ਬੜਾ ਹੈ ਖ਼ੌਫ਼ ਮੈਂ ਰੰਗਾਂ ਦੇ ਪੇਸ਼ ਹੋਣਾ ਹੈ।

ਮੇਰੀ ਗ਼ਜ਼ਲ ਨੂੰ ਇਹ ਕਿਸਦਾ ਸਰਾਪ ਹੈ ਮਿਲਿਆ,
ਹਰੇਕ ਹਰਫ਼ ਦੇ ਫੁੱਲ ਨੇ ਪਹਾੜ ਢੋਣਾ ਹੈ।

□

ਗ਼ਮੀ, ਬੇਬਸੀ, ਡਰ, ਉਦਾਸੀ, ਹਨ੍ਹੇਰਾ।
ਮੇਰੇ ਗ਼ਿਰਦ ਕਿੰਨੀਆਂ ਬਲਾਵਾਂ ਦਾ ਘੇਰਾ।

ਜੇ ਪਾਣੀ ਜਗਾਵਾਂ ਜੇ ਪੌਣਾਂ ਹਿਲਾਵਾਂ,
ਮੇਰੇ ਨਾਲ਼ ਨਾਰਾਜ਼ ਹੋਵੇ ਚੁਫ਼ੇਰਾ।

ਮੈਂ ਸਾਗਰ ਹੰਗਾਲੇ ਤੂੰ ਅੰਬਰ ਫਰੋਲੇ,
ਅਜੇ ਵੀ ਨਾ ਹੋਇਆ ਮਿਲਨ ਤੇਰਾ ਮੇਰਾ।

ਪੜ੍ਹੇ ਨਾ ਗਏ ਹਰਫ਼ ਗ਼ਮਲੇ 'ਚ ਉੱਗੇ,
ਮੈਂ ਸ਼ਬਦਾਂ ਦੇ ਜੰਗਲ 'ਚ ਘੁੰਮਿਆ ਬਥੇਰਾ।

ਚਿਰਾਗ਼ਾਂ ਨੂੰ ਭੰਨ ਕੇ ਤੇ ਨੀਹਾਂ 'ਚ ਚਿਣ ਕੇ,
ਕਿਵੇਂ ਘਰ ਦਾ ਰੌਸ਼ਨ ਕਰੋਗੇ ਬਨੇਰਾ।

ਗ਼ਲਤ ਬਾਂਗ ਦਿੰਦੇ ਨੇ ਦਿੱਲੀ ਦੇ ਮੁਰਗ਼ੇ,
ਟਿਊਬਾ ਦੇ ਚਾਨਣ ਨੂੰ ਦੱਸਣ ਸਵੇਰਾ।

□

ਦਿਲ 'ਚ ਜੇ ਅਹਿਸਾਸ ਦੀ ਸ਼ਿੱਦਤ ਨਹੀਂ ਹਲਚਲ ਨਹੀਂ।
ਜ਼ਿੰਦਗੀ ਦੀ ਸ਼ਾਖ਼ 'ਚੋਂ ਫੁੱਟਣੀ ਹਰੀ ਕੋਂਪਲ ਨਹੀਂ।

ਨਾ ਉਠਾ ਪਰਦੇ ਅਜੇ ਕੁਝ ਤਾਂ ਭੁਲੇਖੇ ਰਹਿਣ ਦੇ,
ਮੈਂ ਅਜੇ ਜੀਣਾ ਏ ਮੈਨੂੰ ਮਰਨ ਦੀ ਕਾਹਲ ਨਹੀਂ।

ਕਿਸ ਤਰ੍ਹਾਂ ਉੱਡਣ ਪਰਿੰਦੇ ਕਿਸ ਤਰ੍ਹਾਂ ਨੱਚਣ ਇਹ ਮੋਰ,
ਸਿਰ 'ਤੇ ਨਾ ਅਸਮਾਨ ਪੈਰਾਂ ਹੇਠ ਕੋਈ ਤਲ ਨਹੀਂ।

ਬਿਰਖ ਦੀ ਜੜ੍ਹ ਨਾ ਨਮੀ ਤਕ ਜਾ ਸਕੀ ਤੇ ਸੁਕ ਗਿਆ,
ਇਸ ਦਾ ਮਤਲਬ ਇਹ ਨਹੀਂ ਕਿ ਰੇਤ ਹੇਠਾਂ ਜਲ ਨਹੀਂ।

ਦੀਦਿਆਂ 'ਚੋਂ ਬੇਬਸੀ ਦੀ ਇਕ ਨਦੀ ਵਗਦੀ ਰਹੀ,
ਨਮ ਤੇਰੇ ਦਰਬਾਰ ਦੀ ਹੋਈ ਅਜੇ ਸਰਦਲ ਨਹੀਂ,

ਸ਼ਹਿਰ ਦੀ ਤਹਿਜ਼ੀਬ ਮੈਨੂੰ ਹੋਰ ਤਾਂ ਸਭ ਆ ਗਈ,
ਸਿਰਫ਼ ਸੁਰ ਵਿਚ ਸੁਰ ਮਿਲਾਵਣ ਦਾ ਹੀ ਆਇਆ ਵੱਲ ਨਹੀਂ।

ਆ ਕਿ ਹੋਈਏ ਚੀਖ਼ਦੇ ਹੋਏ ਪਲਾਂ ਦੇ ਰੂਬਰੂ,
ਵਕਤ ਨੂੰ ਜੋ ਪੈ ਗਈ ਟੁੱਟੀ ਅਜੇ ਦੰਦਲ ਨਹੀਂ।

□

ਜ਼ਿੰਦਗੀ ਭਰ ਹਾਰੀਆਂ ਜੋ ਜੋ ਵੀ ਤੂੰ ਨਰਦਾਂ ਲਿਖੀਂ।
ਖਿਸਕੀਆਂ ਪੈਰਾਂ ਦੇ ਹੇਠੋਂ ਕਿੰਨੀਆਂ ਥਾਂਵਾਂ ਲਿਖੀਂ।

ਬਿਖ਼ਰੇ ਖੰਭਾਂ ਨੂੰ ਤੂੰ ਮਗਰੋਂ ਚੁਗ ਲਵੀਂ ਪਹਿਲਾਂ ਜ਼ਰਾ,
ਸੱਖਣੇ ਅਸਮਾਨ ਨੂੰ ਜੋ ਭਰਦੀਆਂ ਡਾਰਾਂ ਲਿਖੀਂ।

ਮੈਂ ਨਹੀਂ ਕਹਿੰਦਾ ਕਿ ਤੂੰ ਕਸਤੂਰੀਆਂ ਲਿਖਿਆ ਨਾ ਕਰ,
ਨਾਲ਼ ਹੀ ਪਰ ਭਟਕਦੇ ਮਿਰਗਾਂ ਦੀਆਂ ਤੇਹਾਂ ਲਿਖੀਂ।

ਧੁਖ਼ਦਾ ਦਿਲ ਮੁਸਕਾਨ ਹੇਠਾਂ ਤੂੰ ਲੁਕੋਇਆ ਸੀ ਬੜਾ,
ਫੇਰ ਕਿਉਂ ਆਇਆ ਹੈ ਮੇਰੇ ਤੀਕ ਇਹ ਧੂੰਆਂ, ਲਿਖੀਂ।

ਬੰਦ ਕਰ ਦੇ ਰੇਡੀਓ ਤੇ ਬੰਦ ਕਰ ਅਖ਼ਬਾਰ ਵੀ,
ਘਰ ਦੀਆਂ ਬਾਹਰ ਦੀਆਂ ਕੁਝ ਚੰਗੀਆਂ ਗੱਲਾਂ ਲਿਖੀਂ।

ਲੋਕ ਹੱਸਣਗੇ ਲਿਖੇਂਗਾ ਦਰਦ ਜੇ ਹਰ ਕੰਧ 'ਤੇ,
ਜੋ ਵੀ ਹੈ, ਬਸ ਠੀਕ ਹੈ, ਚਲ ਰਹਿਣ ਦੇ ਕੁਝ ਨਾ ਲਿਖੀਂ।

□

ਬਦਨ ਤਾਂ ਕੀ ਮੇਰੇ ਸਾਏ ਨੂੰ ਵੀ ਲਰਜ਼ਾ ਗਿਆ ਕੋਈ।
ਮੇਰੇ ਚਿਹਰੇ 'ਤੇ ਚਿਹਰਾ ਹੋਰ ਦਾ ਚਿਪਕਾ ਗਿਆ ਕੋਈ।

ਇਨ੍ਹਾਂ ਨੇ ਸ਼ਾਮ ਤੀਕਰ ਜ਼ਰਦ ਹੋ ਜਾਣਾ ਬਿਖ਼ਰ ਜਾਣਾ,
ਮਰੁੰਡੇ ਬਿਰਖ 'ਤੇ ਪੱਤੇ ਹਰੇ ਲਟਕਾ ਗਿਆ ਕੋਈ।

ਕਦੇ ਝੱਖੜ, ਕਦੇ ਲਾਂਬੂ, ਕਦੇ ਪੱਥਰ, ਕਦੇ ਕੰਡੇ,
ਮੇਰੇ ਵਿਹੜੇ 'ਚ ਰਹਿੰਦਾ ਹੈ ਸਦਾ ਆਇਆ ਗਿਆ ਕੋਈ।

ਅਜੇ ਮੈਂ ਗੁਫ਼ਤਗੂ ਮਾਸੂਮ ਫੁੱਲਾਂ ਨਾਲ਼ ਕਰਨੀ ਸੀ,
ਮੇਰੇ ਸੀਨੇ 'ਚ ਮੋਈਆਂ ਤਿਤਲੀਆਂ ਦਫ਼ਨਾ ਗਿਆ ਕੋਈ।

ਜੋ ਕੱਕੀ ਰੇਤ ਦੇ ਵਰਕੇ 'ਤੇ ਲਿਖਿਆ ਚੀਚ-ਵਹੁਟੀ ਨੇ,
ਮੇਰੇ ਕੋਲੋਂ ਅਜੇਹਾ ਗੀਤ ਨਾ ਲਿਖਿਆ ਗਿਆ ਕੋਈ।

ਬੜਾ ਹੀ ਸਰਲ ਸਾਂ ਪੜ੍ਹ ਪੜ੍ਹ ਕੇ ਕੂੜਾਦਾਨ ਹੋ ਚੱਲਿਆਂ,
ਮੇਰੇ ਵਿਚ ਫ਼ਾਲਤੂ ਦੇ ਫ਼ਲਸਫ਼ੇ ਸੁਟਵਾ ਗਿਆ ਕੋਈ।

ਪੁਰਾਣੇ ਦੁੱਖ, ਨਵੀਂ ਚਿੰਤਾ ਤੇ ਅੱਧੋਰਾਣੀਆਂ ਪੀੜਾਂ,
ਵਿਚਾਲੇ ਚੌਂਕ ਦੇ ਕੇਹੀ ਨੁਮਾਇਸ਼ ਲਾ ਗਿਆ ਕੋਈ।

ਅਸੀਂ ਲਿਖਦੇ ਰਹੇ ਕਮਰੇ 'ਚ ਬਹਿ ਕੇ ਦਰਦ ਫ਼ਸਲਾਂ ਦਾ,
ਸਿਆੜਾਂ ਤੀਕ ਨਾ ਪਰ ਉੱਡ ਕੇ ਵਰਕਾ ਗਿਆ ਕੋਈ।

ਬੁਝਾਉਣੀ ਪਿਆਸ ਹੈ ਤਾਂ ਉਤਰਨਾ ਧਰਤੀ 'ਤੇ ਪੈਣਾ ਹੈ,
ਕਦੇ ਅਸਮਾਨ ਵੱਲ ਨਾ ਪੰਛੀਓ ਦਰਿਆ ਗਿਆ ਕੋਈ।

□

ਤੇਰੀਆਂ ਗਲੀਆਂ 'ਚ ਕੋਈ ਬੇਕਫ਼ਨ ਰੁਲਦਾ ਰਿਹਾ;
ਪਰ ਤੇਰੀ ਦਸਤਾਰ ਦਾ ਸ਼ਮਲਾ ਬੜਾ ਝੂਲਦਾ ਰਿਹਾ।

ਅੱਖ ਹੈ ਬੇਨੂਰ ਤੇਰੀ ਤੂੰ ਭਲਾ ਰੋਣਾ ਹੈ ਕੀ,
ਤਰਲ ਹੋ ਕੇ ਮੈਂ ਤੇਰੀ ਦਹਿਲੀਜ਼ 'ਤੇ ਡੁਲ੍ਹਦਾ ਰਿਹਾ।

ਰੁੱਖ ਤਾਂ ਕੀ ਉਡਦਿਆਂ ਬੱਦਲਾਂ ਦੀ ਛਾਂ ਵੀ ਨਾ ਮਿਲੀ,
ਸ਼ਾਮ ਤਕ ਮੈਂ ਤੇਜ਼ ਧੁੱਪਾਂ ਨਾਲ਼ ਹਾਂ ਘੁਲਦਾ ਰਿਹਾ।

ਕੀ ਗੁਨਾਹ ਮੇਰਾ ਜੇ ਮੇਰੇ ਖ਼ਾਬ ਵਿਚ ਮੰਜ਼ਰ ਸੀ ਇਹ,
ਮੁਕਟ ਤੇਰਾ ਮੇਰਿਆਂ ਪੈਰਾਂ 'ਚ ਸੀ ਰੁਲਦਾ ਰਿਹਾ।

ਖੇਡਦਾ ਰਹਿੰਦਾ ਹਾਂ ਮੈਂ ਭੂਗੋਲ ਦੀ ਫੁਟਬਾਲ ਨਾਲ਼,
ਗੋਲ ਵੀ ਕਰਨਾ ਹੈ ਪਰ ਹਰ ਵਾਰ ਇਹ ਭੁਲਦਾ ਰਿਹਾ।

ਚੀਥੜੇ ਮੇਰੇ ਵਤਨ ਦੇ ਲਾਹ ਕੇ ਨ੍ਹੇਰੀ ਲੈ ਗਈ,
ਪਰ ਤਿਰੰਗਾ ਤਾਂ ਤਿਰੰਗਾ ਹੈ ਸਦਾ ਝੁਲਦਾ ਰਿਹਾ।

□

ਦਿਲ 'ਤੇ ਰੰਗ ਇਕ ਚੜ੍ਹਦਾ ਇਕ ਉੱਤਰਦਾ ਰਹਿੰਦਾ ਹੈ।
ਹਰ ਵੇਲੇ ਇਕ ਹੰਗਾਮਾ ਵਾਪਰਦਾ ਰਹਿੰਦਾ ਹੈ।

ਧੁਖ਼ਦਾ ਵੀ ਹੈ ਧੂੰਆਂ ਵੀ ਰਖਦਾ ਹੈ ਅੰਦਰ ਹੀ,
ਬੰਦਾ ਸਾਹਾਂ ਦਾ ਨਜ਼ਰਾਨਾ ਭਰਦਾ ਰਹਿੰਦਾ ਹੈ।

ਕਾਹਤੋਂ ਉਲਝ ਗਿਐ ਉਹ ਪੋਟੇ ਭੰਨ ਰਿਹਾ ਹੈ ਕਿਉਂ,
ਖ਼ਬਰੈ ਕਿਹੜੀ ਗਿਣਤੀ ਮਿਣਤੀ ਕਰਦਾ ਰਹਿੰਦਾ ਹੈ।

ਉਸਨੂੰ ਨਦੀਆਂ ਪੀ ਪੀ ਕੇ ਅਫ਼ਰੇਵਾਂ ਮਾਰ ਗਿਆ,
ਮੇਰਾ ਕਣ ਕਣ ਰੋਜ਼ ਪਿਆਸਾ ਮਰਦਾ ਰਹਿੰਦਾ ਹੈ।

ਪੀਲੇ ਪੀਲੇ ਪੱਤੇ, ਪੀਲਾ ਚੰਨ ਤੇ ਪੀਲੀ ਲਾਸ਼,
ਨੀਲੀ ਨੀਲੀ ਝੀਲ 'ਚ ਕੀ ਕੀ ਤਰਦਾ ਰਹਿੰਦਾ ਹੈ।

ਹੌਲ਼ੀ ਹੌਲ਼ੀ ਰੋਜ਼ ਕੋਈ ਫੁਟਦਾ ਹੈ ਪੱਤ ਨਵਾਂ,
ਬਲਦੇ ਰੁੱਖ ਹੇਠਾਂ ਵੀ ਕੁਝ ਪੁੰਗਰਦਾ ਰਹਿੰਦਾ ਹੈ।

□

ਕਿਸੇ ਦੇ ਚਾਅ ਕਦੇ ਨਾ ਹੋਣ ਪੱਥਰ, ਖ਼ੈਰ ਹੋਵੇ।
ਦੁਆ ਹੈ ਹਰ ਗਲੀ ਹਰ ਸ਼ਹਿਰ ਘਰ ਘਰ ਖ਼ੈਰ ਹੋਵੇ।

ਸਫ਼ਰ ਹੈ, ਦੌੜ ਹੈ, ਕਾਹਲੀ ਹੈ, ਬੇਚੈਨੀ ਬੜੀ ਹੈ,
ਦਿਸ਼ਾ ਕੋਈ ਨਹੀਂ ਜਾਣਾ ਹੈ ਕਿੱਧਰ, ਖ਼ੈਰ ਹੋਵੇ।

ਮੇਰੀ ਦੀਵਾਰ 'ਤੇ ਲਟਕਾ ਗਿਐਂ ਤਸਵੀਰ ਕੇਹੀ,
ਇਹ ਜਰਜਰ ਕਿਸ਼ਤੀਆਂ ਤੇ ਇਹ ਸਮੁੰਦਰ, ਖ਼ੈਰ ਹੋਵੇ।

ਕਿਵੇਂ ਝੱਲਾਂਗਾ ਮੈਂ ਇਹ ਸੇਕ ਇਹ ਸੈਲਾਬ ਯਾਰੋ,
ਜਿਗਰ ਵਿਚ ਅੱਗ ਹੈ ਪਰ ਅੱਖੀਆਂ ਤਰ, ਖ਼ੈਰ ਹੋਵੇ।

ਦਿਲਾਂ ਦਾ ਮੁੱਲ ਕੀ ਏ, ਇਸ਼ਕ ਦੀ ਔਕਾਤ ਕੀ ਏ,
ਕਿ ਹੁਣ ਸੰਵੇਦਨਾ ਲਿਖਦੇ ਨੇ ਖ਼ੰਜਰ, ਖ਼ੈਰ ਹੋਵੇ।

ਮੇਰੇ ਵਿਚ ਬਹੁਤ ਕੁਝ ਅਣਚਾਹਿਆ ਹਾਜ਼ਰ ਹੈ ਐਪਰ,
ਮੈਂ ਅਪਣੇ ਆਪ 'ਚੋਂ ਹਾਂ ਗ਼ੈਰ ਹਾਜ਼ਰ, ਖ਼ੈਰ ਹੋਵੇ।

□

ਸਰਾਪੇ ਪਲ ਅਸਾਡੇ ਵਲਿਆਂ ਨੂੰ
ਅਲੋਹੇ ਵਾਂਗ ਕਿਉਂ ਚਿੰਬੜ ਗਏ ਨੇ।
ਅਜੇ ਨਵਿਆਂ ਨੂੰ ਸੀਣਾ ਸੋਚਿਆ ਸ਼ੀ
ਪੁਰਾਣੇ ਜ਼ਖ਼ਮ ਫਿਰ ਉੱਧੜ ਗਏ ਨੇ।

ਕਦੇ ਏਹੋ ਜਿਹੀ ਨਾ ਰਾਤ ਦੇਖੀ
ਨਹੀਂ ਪੱਥਰਾਂ ਦੀ ਸੀ ਬਰਸਾਤ ਦੇਖੀ,
ਕਦੇ ਅਸਮਾਨ ਇਉਂ ਨਾ ਕੰਬਿਆ ਸੀ
ਪਤੰਗਾਂ ਵਾਂਗ ਤਾਰੇ ਝੜ ਗਏ ਨੇ।

ਸਿਰੇ ਲੱਗਣ ਦੀ ਪੂਰੀ ਆਸ ਵੀ ਸੀ
ਮਲਾਹਾਂ 'ਤੇ ਬੜਾ ਵਿਸ਼ਵਾਸ ਵੀ ਸੀ,
ਅਚਾਨਕ ਹੀ ਦਿਸ਼ਾ ਬਦਲੀ ਹਵਾ ਨੇ
ਸਮੁੰਦਰ ਵਿਚ ਸਫ਼ੀਨੇ ਖੜ੍ਹ ਗਏ ਨੇ।

ਹਰਿਕ ਬੂਟਾ ਹੀ ਮੌਸਮ ਨੇ ਸਤਾਇਆ
ਹਨੇਰੀ ਨੇ ਵੀ ਪੂਰਾ ਜ਼ੋਰ ਲਾਇਆ,
ਹਰਾ ਘਾਹ ਫੇਰ ਵੀ ਹੈ ਲਹਿਲਹਾਇਆ
ਸਫ਼ੈਦੇ ਤਾਂ ਜੜ੍ਹੋਂ ਉੱਖੜ ਗਏ ਨੇ।

ਜੋ ਹੇਠਾਂ ਆ ਗਏ ਲੋ ਪੁਸਤਕਾਂ ਦੇ
ਤਲਾਸ਼ਣ ਰਾਹ ਆਪਣੇ ਹੀ ਘਰਾਂ ਦੇ,
ਕਹੋ ਉਹਨਾਂ ਨੂੰ ਵਿੱਸਰ ਜਾਣ ਸਭ ਕੁਝ
ਜ਼ਰੂਰਤ ਤੋਂ ਜ਼ਿਆਦਾ ਪੜ੍ਹ ਗਏ ਨੇ।

ਸਮੇਂ ਦੇ ਖੰਭ ਏਦਾਂ ਨੋਚਦੇ ਨੇ
ਬੜੀ ਹੀ ਦੂਰ ਦੀ ਉਹ ਸੋਚਦੇ ਨੇ,
ਮਸੀਹੇ ਤਾਂ ਅਜੇ ਜੰਮੇ ਨਹੀਂ ਹਨ
ਉਹ ਪਹਿਲਾਂ ਹੀ ਸਲੀਬਾਂ ਘੜ ਗਏ ਨੇ।

ਪਤਾ ਨਹੀਂ ਹੈ ਕਿ ਕਿੰਨੀ ਕੁ ਦੂਰ ਜਾਣਾ ਏ।
ਬਸ ਏਨਾ ਜਾਣਦਾ ਹਾਂ ਮੈਂ ਜ਼ਰੂਰ ਜਾਣਾ ਏ।

ਨਾ ਏਸ ਤਲਖ਼ ਹਵਾ ਦਾ ਗ਼ਰੂਰ ਜਾਣਾ ਏ।
ਨਾ ਉਡਦੇਂ ਰਹਿਣ ਦਾ ਮੇਰਾ ਫ਼ਤੂਰ ਜਾਣਾ ਏ।

ਧੁਖ਼ਾਂ ਮੈਂ ਆਪ ਤੇ ਤੇਰੇ 'ਚੋਂ ਨਿੱਕਲੇ ਧੂੰਆਂ,
ਕੁਝ ਇਸ ਤਰ੍ਹਾਂ ਦਾ ਮੈਂ ਕਰਕੇ ਕਸੂਰ ਜਾਣਾ ਏ।

ਮੈਂ ਏਸੇ ਡਰ 'ਚ ਰਹਾਂ ਦੂਰ ਸ਼ੀਸ਼ਿਆਂ ਕੋਲੋਂ,
ਕਿ ਮੇਰੇ ਵਹਿਮ ਨੇ ਹੀ ਚੂਰ ਚੂਰ ਜਾਣਾ ਏ।

ਮੇਰੀ ਆਵਾਜ਼ ਨੇ ਕਿੰਨੇ ਕੁ ਬੁੱਤ ਤੋੜੇ ਨੇ,
ਤੁਹਾਡੇ ਸ਼ਹਿਰ ਇਹ ਵੇਖਣ ਹਜ਼ੂਰ ਜਾਣਾ ਏ।

□

ਅਸੀਂ ਕਿਸ ਮੋੜ 'ਤੇ ਆਏ ਸਿਰਾਂ ਦੇ ਭਾਰ ਚਲ ਕੇ।
ਮਿਲੇ ਏਥੇ ਵੀ ਓਹੀ ਹਾਦਸੇ ਚਿਹਰੇ ਬਦਲ ਕੇ।

ਕਿਸੇ ਸਰਵਰ 'ਚ ਘੁਲਦਾ ਜਾ ਰਿਹੈ ਸੂਰਜ ਪਿਘਲ ਕੇ।
ਹਨ੍ਹੇਰਾ ਸੌਂ ਰਿਹਾ ਹੈ ਸੰਦਲੀ ਧੁੱਪਾਂ ਨਿਗਲ ਕੇ।

ਤੁਹਾਡੀ ਸ਼ਰਤ ਹੈ ਡੋਲੇ ਬਿਨਾਂ ਰੱਸੀ 'ਤੇ ਚੱਲਾਂ,
ਤੇ ਮੇਰੀ ਰੀਝ ਹੈ ਉੱਡਾਂ ਹਵਾਵਾਂ ਨਾਲ਼ ਰਲ ਕੇ।

ਬੜੀ ਤਿਲਕਣ ਹੈ ਏਥੇ ਰਿਸ਼ਤਿਆਂ ਦੀ ਬਚ ਕੇ ਚੱਲੀਂ,
ਨਾ ਉਠਿਆ ਜਾ ਸਕੇ ਵਿਸ਼ਵਾਸ ਦੇ ਪਿੜ 'ਚੋਂ ਫਿਸਲ ਕੇ।

ਉਹ ਦੱਬ ਕੇ ਪੈੜ ਹੰਝੂਆਂ ਦੀ ਘਰਾਂ ਨੂੰ ਪਰਤ ਆਉਂਦੇ,
ਮਰਨ ਵਾਲੇ ਕਦੋਂ ਮਰਦੇ ਭਲਾ ਸਿਵਿਆਂ 'ਚ ਬਲ ਕੇ।

ਕਿਨ੍ਹਾਂ ਅਣਦਿਸਦੀਆਂ ਤਾਰਾਂ ਨੇ ਸਾਨੂੰ ਜੋੜਿਆ ਏ,
ਜੇ ਕਿਧਰੇ ਦੂਰ ਉਹ ਰੋਵੇ ਤਾਂ ਮੇਰੀ ਅੱਖ ਛਲਕੇ।

ਤੇ ਹਰ ਸਰੋਕਾਰ ਦੀ ਤਰਜਮਾਨੀ
ਕਾਵਿ ਦੀ ਬਹੁਤ ਵੱਡੀ ਪ੍ਰਾਪ
(Kaleidoscope) ਵਰਗੇ ਹਨ
ਸਕਦੇ।

ਜਸਵਿੰਦਰ ਸਾਡੇ ਅਜਿ
ਗ਼ਜ਼ਲਕਾਰੀ ਮਹਿਜ਼ ਸ਼ਿਲਪ ਤੇ
ਜਾਨ ਵਿਚ ਰਮੀ ਹੋਈ ਪ੍ਰਕਿ
ਤਰਜਮਾ ਹੈ, ਰੱਤ 'ਚੋਂ ਕਸ਼ੀਦ ਹੋਏ

ਜਸਵਿੰਦਰ ਦੀ ਮਾਨਸਿਕ
ਸਮਤੋਲ ਹੈ। ਉਸ ਨੂੰ ਆਪਣੇ ਸਮਿ
ਗਹਿਰਾ ਅਹਿਸਾਸ ਹੈ, ਪਰ ਨਾਲ਼
ਉਸ ਦੀ ਅਡੋਲ ਆਸਥਾ ਵੀ ਹੈ।

ISBN 817883019-1

ਕਰ ਰਹੀ ਹੈ ਅਤੇ ਇਹ ਪੰਜਾਬੀ

ਤੀ ਹੈ। ਉਸਦੇ ਸ਼ਿਅਰ ਗੁਲਬੀਨ

ਜਿਸਦੇ ਸਾਰੇ ਰੰਗ ਨਹੀਂ ਫੜੇ ਜਾ

-ਜਗਤਾਰ

ਹਾ ਸ਼ਾਇਰ ਹੈ, ਜਿਸ ਲਈ
ਕਲਪਨਾ ਦਾ ਖੇਲ ਨਹੀਂ, ਜੀ-
ਤਿਆ ਹੈ, ਆਪਣੀ ਧੜਕਣ ਦਾ
ਕਤਰਿਆਂ ਦੀ ਸਤਰਬੰਦੀ।
ਤਾ ਵਿਚ ਇਕ ਤਣਾਅ ਵੀ ਹੈ ਤੇ
ਆਂ ਉੱਤੇ ਹਾਵੀ ਨਾਂਹ-ਮੁਖਤਾ ਦਾ
ਹੀ ਸ੍ਰਿਸ਼ਟੀ ਅਤੇ ਮਾਨਵਤਾ ਵਿਚ

-ਸੁਰਜੀਤ ਪਾਤਰ